ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

**Awaze Qaum**

(ਯੂ. ਕੇ. ਤੋਂ ਪ੍ਰਕਾਸ਼ਿਤ)

**International Daily Newspaper & WEB TV**

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7l

awazeqaumtvpunjab@gmail.com

ਵੀਰਵਾਰ, 26 ਫਰਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੧੫ ਫੱਗਣ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਚੋਣਾਂ ਤੋਂ ਪਹਿਲਾਂ ਪੰਜਾਬ ’ਚ ਡੀ.ਜੀ.ਪੀ. ਬਦਲਣਾ ਤੈਅ, UPSC ਨੇ ਪੰਜਾਬ ਸਰਕਾਰ ਨੂੰ ਭੇਜਿਆ ਨੋਟਿਸ

**ਚੰਡੀਗੜ੍ਹ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸੁਪਰੀਮ ਕੋਰਟ ਦੇ ਸਖ਼ਤ ਰੁਖ਼ ਤੋਂ ਬਾਅਦ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਸੂਬੇ ਵਿਚ ਪੱਕੇ ਡਾਇਰੈਕਟਰ ਜਨਰਲ ਆਫ਼ ਪੁਲਸ ਦੀ ਨਿਯੁਕਤੀ ਲਈ ਯੋਗ ਅਧਿਕਾਰੀਆਂ ਦਾ ਇਕ ਪ੍ਰਸਤਾਵ ਭੇਜਣ ਲਈ ਆਖਿਆ ਹੈ। ਸੁਪਰੀਮ ਕੋਰਟ ਨੇ 5 ਫਰਵਰੀ ਦੇ ਆਪਣੇ ਨਿਰਦੇਸ਼ਾਂ ਵਿਚ ਕਈ ਸੂਬਿਆਂ ਵੱਲੋਂ ਲੰਬੇ ਸਮੇਂ ਤੱਕ ’ਕਾਰਜਕਾਰੀ ਡੀਜੀਪੀ’ ਰੱਖਣ ਦੀ ਪ੍ਰਥਾ ਦੀ ਨਿਖੇਧੀ ਕੀਤੀ ਸੀ ਅਤੇ ਯੂਪੀਐੱਸਸੀ ਨੂੰ ਇਸ ਵਿਰੁੱਧ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਸਨ। ਸੂਤਰਾਂ ਅਨੁਸਾਰ 1992 ਬੈਚ ਦੇ ਆਈਪੀਐੱਸ ਅਧਿਕਾਰੀ ਗੌਰਵ ਯਾਦਵ ਇਸ ਸਮੇਂ ਪੰਜਾਬ ਦੇ ਕਾਰਜਕਾਰੀ ਡੀਜੀਪੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਉਨ੍ਹਾਂ ਨੂੰ ਜੁਲਾਈ 2022 ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਨਿਯੁਕਤ ਕੀਤਾ ਗਿਆ ਸੀ ਅਤੇ ਉਹ ਪਿਛਲੇ ਤਿੰਨ ਸਾਲ ਅਤੇ ਸੱਤ ਮਹੀਨਿਆਂ ਤੋਂ ਵੱਧ ਸਮੇਂ ਤੋਂ ਇਸ ਅਹੁਦੇ ’ਤੇ ਤਾਇਨਾਤ ਹਨ। ਯੂਪੀਐੱਸਸੀ ਨੇ 18 ਫਰਵਰੀ ਨੂੰ ਪੰਜਾਬ ਦੇ ਮੁੱਖ ਸਕੱਤਰ ਨੂੰ ਇਕ ਪੱਤਰ ਲਿਖਿਆ ਹੈ, ਜਿਸ ਵਿਚ ਸੁਪਰੀਮ ਕੋਰਟ ਦੇ ਸਤੰਬਰ 2006 ਦੇ ਪ੍ਰਕਾਸ਼ ਸਿੰਘ ਕੇਸ ਅਤੇ ਜੁਲਾਈ 2018 ਦੇ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ 10 ਦਿਨਾਂ ਦੇ ਅੰਦਰ ਮੁਕੰਮਲ ਪ੍ਰਸਤਾਵ ਭੇਜਣ ਦੀ ਮੰਗ ਕੀਤੀ ਗਈ ਹੈ। ਇਸ ਦੇ ਮੱਦੇਨਜ਼ਰ, ਪੰਜਾਬ ਦੇ ਗ੍ਰਹਿ ਵਿਭਾਗ ਨੇ ਡੀਜੀਪੀ ਦਫ਼ਤਰ ਨੂੰ ਯੋਗ ਅਧਿਕਾਰੀਆਂ ਦਾ ਰਿਕਾਰਡ ਚੈੱਕ ਕਰਕੇ ਇਕ ਪੈਨਲ ਤਿਆਰ ਕਰਨ ਲਈ ਕਿਹਾ ਹੈ।

### ਹੁਣ ਮੁਹਾਲੀ ਦੇ ਪਿੰਡ ਚੱਪੜਚਿੜੀ ਨੂੰ ਖਾਲੀ ਕਰਵਾਏਗੀ ਸਰਕਾਰ, 200 ਤੋਂ ਵੱਧ ਘਰਾਂ ਨੂੰ ਨੋਟਿਸ

# ਪੰਜਾਬ ਦੇ ਇੱਕ ਹੋਰ ਪਿੰਡ ’ਤੇ ਉਜਾੜੇ ਦੀ ਤਲਵਾਰ !

**ਮੁਹਾਲੀ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਜਲੰਧਰ ਦੇ ਲਤੀਫ਼ਪੁਰਾ ਦੇ ਲੋਕ ਉਜਾੜੇ ਨੂੰ ਅਜੇ ਪੂਰੀ ਤਰ੍ਹਾਂ ਭੁੱਲ ਨਹੀਂ ਸਕੇ ਹਨ ਕਿ ਪੰਜਾਬ ਦੇ ਇੱਕ ਹੋਰ ਪਿੰਡ ਚੱਪੜਚਿੜੀ ’ਤੇ ਉਜਾੜੇ ਦੀ ਤਲਵਾਰ ਲਟਕ ਗਈ ਹੈ। ਪੰਜਾਬ ਸਰਕਾਰ ਵੱਲੋਂ ਪਿੰਡ ਦੇ 200 ਲੋਕਾਂ ਨੂੰ ਖਾਲੀ ਕਰਵਾਉਣ ਲਈ ਨੋਟਿਸ ਭੇਜੇ ਗਏ ਹਨ, ਜਿਸ ਕਾਰਨ ਪਿੰਡ ਵਾਸੀਆਂ ’ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਗਿਆ ਹੈ ਅਤੇ ਸਰਕਾਰ ਖਿਲਾਫ਼ ਰੋਸ ਦੀ ਲਹਿਰ ਫੈਲ ਗਈ ਹੈ। ਮਿਲੀ ਜਾਣਕਾਰੀ ਅਨੁਸਾਰ, ਪੰਜਾਬ ਸਰਕਾਰ ਦੇ ਪੰਚਾਇਤ ਵਿਭਾਗ ਵੱਲੋਂ ਪਿੰਡ ਦੇ 200 ਲੋਕਾਂ ਨੂੰ ਘਰ ਖਾਲੀ ਕਰਨ ਲਈ ਨੋਟਿਸ ਭੇਜੇ ਗਏ ਹਨ। ਵਿਭਾਗ ਵੱਲੋਂ ਜਿਨ੍ਹਾਂ ਘਰਾਂ ਨੂੰ ਜ਼ਮੀਨ ਖਾਲੀ ਕਰਨ ਲਈ ਨੋਟਿਸ ਭੇਜੇ ਗਏ ਹਨ, ਉਸ ਦੇ ਸਰਕਾਰੀ ਜ਼ਮੀਨ ਹੋਣ ਦਾ ਦਾਅਵਾ ਕੀਤਾ ਗਿਆ ਹੈ।



ਉਧਰ, ਪੰਚਾਇਤ ਵਿਭਾਗ ਦੀ ਇਸ ਕਾਰਵਾਈ ਖਿਲਾਫ਼ ਲੋਕਾਂ ’ਚ ਹਾਹਾਕਾਰ ਮੱਚ ਗਈ ਹੈ। ਲੋਕਾਂ ਵਿੱਚ ਪੰਜਾਬ ਸਰਕਾਰ ਦੇ ਖਿਲਾਫ਼ ਰੋਸ ਪਾਇਆ ਜਾ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਇਹ ਪਿੰਡ ਆਜ਼ਾਦੀ ਤੋਂ ਪਹਿਲਾਂ ਦਾ ਵਸਿਆ ਹੋਇਆ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ 3-3 ਪੀੜ੍ਹੀਆਂ ਨੇ ਆਪਣਾ ਸਮਾਂ ਗੁਜਾਰਿਆ ਗਿਆ ਹੈ। ਹੁਣ ਪ੍ਰਸ਼ਾਸਨ ਵੱਲੋਂ ਇਹ ਨੋਟਿਸ ਭੇਜੇ ਜਾ ਰਹੇ ਹਨ ਅਤੇ ਘਰ ਖਾਲੀ ਕਰਨ ਲਈ ਦਬਾਅ ਪਾਇਆ ਜਾ ਰਿਹਾ ਹੈ। ਲੋਕਾਂ ਨੇ ਕਿਹਾ ਕਿ ਪ੍ਰਸ਼ਾਸਨ ਵੱਲੋਂ ਕਿਹਾ ਜਾ ਰਿਹਾ ਹੈ ਕਿ ਇਹ ਪੂਰਾ ਪਿੰਡ ਪੰਚਾਇਤੀ ਜ਼ਮੀਨ ’ਤੇ ਕਬਜ਼ਾ ਕਰਕੇ ਵਸਾਇਆ ਗਿਆ ਹੈ, ਜੇਕਰ ਪਿੰਡ ਗੈਰ-ਕਾਨੂੰਨੀ ਹੈ ਤਾਂ ਫਿਰ ਹੁਣ ਤੱਕ ਡਿਵੈਲਪਮੈਂਟ ਫੰਡ ਕਿਉਂ ਜਾਰੀ ਕੀਤੇ ਜਾਂਦੇ ਰਹੇ ਹਨ।

ਜ਼ਿਕਰਯੋਗ ਹੈ ਇਸਤੋਂ ਪਹਿਲਾਂ ਜਲੰਧਰ ਦੇ ਲਤੀਫ਼ਪੁਰਾ ’ਚ 2022 ਵਿੱਚ ਪ੍ਰਸ਼ਾਸਨ ਨੇ ਲਗਭਗ 100 ਸਾਲਾਂ ਦੇ ਲੰਬੇ ਸਮੇਂ ਤੋਂ ਰਹਿਣ ਵਾਲੇ ਲੋਕਾਂ ਦੇ ਘਰਾਂ ਨੂੰ ਕਬਜ਼ੇ ਦਾ ਹਵਾਲਾ ਦਿੰਦੇ ਹੋਏ ਖਾਲੀ ਕਰਵਾ ਦਿੱਤਾ ਸੀ। ਕੁਝ ਘਰਾਂ ਨੂੰ ਢਾਹ ਦਿੱਤਾ ਗਿਆ ਸੀ। ਉਸ ਸਮੇਂ, ਪੁਲਿਸ ਕਾਰਵਾਈ ਵਿਰੁੱਧ ਵਿਆਪਕ ਵਿਰੋਧ ਹੋਇਆ ਸੀ।

## ਪ੍ਰੋ. ਭੁੱਲਰ ਦੇ ਮਾਮਲੇ ਦੀ ਅਦਾਲਤ ਅੰਦਰ ਜਾਰੀ ਹੈ ਸੁਣਵਾਈ, ਹੁਣ 25 ਮਾਰਚ ਨੂੰ ਹੋਵੇਗੀ ਅਗਲੀ ਸੁਣਵਾਈ

**ਨਵੀਂ ਦਿੱਲੀ 25 ਫਰਵਰੀ (ਮਨਪ੍ਰੀਤ ਸਿੰਘ ਖਾਲਸਾ )**:-ਬੀਤੇ ਦਿਨੀਂ ਦਵਿੰਦਰ ਪਾਲ ਸਿੰਘ ਭੁੱਲਰ ਦੀ ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਨੇ ਇੱਕ ਵਾਰ ਫਿਰ ਉਨ੍ਹਾਂ ਦੀ ਸਮੇਂ ਤੋਂ ਪਹਿਲਾਂ ਰਿਹਾਈ ਤੋਂ ਇਨਕਾਰ ਕਰਣ ਨਾਲ ਪੰਥ ਵਿਚ ਵਡੀ ਨਿਰਾਸ਼ਾ ਫੈਲ ਗਈ ਸੀ। ਇਸੇ ਮਸਲੇ ਤੇ ਅਦਾਲਤ ਅੰਦਰ ਚਲ ਰਹੇ ਮਾਮਲੇ ਵਿਚ ਅੱਜ ਵਕੀਲਾਂ ਵਲੋਂ ਬਹਿਸ ਕੀਤੀ ਗਈ। ਪੰਥਕ ਵਕੀਲ ਭਾਈ ਜਸਪਾਲ ਸਿੰਘ ਮੰਝਪੁਰ ਨੇ ਦਸਿਆ ਕਿ ਅਦਾਲਤ ਵਿਚ ਮਾਮਲੇ ਤੇ ਸਮੇਂ ਸਿਰ ਸੁਣਵਾਈ ਕੀਤੀ ਗਈ ਅਤੇ ਵਕੀਲਾਂ ਨੇ ਆਪਸੀ ਬਹਿਸ ਜਾਰੀ ਰਖੀ ਉਪਰੰਤ ਅਦਾਲਤ ਵਲੋਂ ਸੁਣਵਾਈ ਲਈ 25 ਮਾਰਚ ਦੀ ਅਗਲੀ ਤਰੀਕ ਮੁਕਰਰ ਕਰ ਦਿੱਤੀ ਗਈ। ਜਿਕਰਯੋਗ ਹੈ ਕਿ ਪਿਛਲੇ ਡੇਢ ਦਹਾਕੇ ਤੋਂ, ਪ੍ਰੋ ਭੁੱਲਰ ਸਿਜ਼ੋਫਰੀਨੀਆ (ਮਾਨਸਿਕ ਵਿਕਾਰ) ਤੋਂ ਪੀੜਤ ਹਨ ਅਤੇ ਅੰਮ੍ਰਿਤਸਰ ਦੇ ਇੱਕ ਸਰਕਾਰੀ ਹਸਪਤਾਲ ਵਿੱਚ ਇਲਾਜ ਕਰਵਾ ਰਹੇ ਹਨ। ਪਹਿਲਾਂ, ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਅਤੇ ਦਿੱਲੀ ਵਿੱਚ ’ਆਪ’ ਸਰਕਾਰ ਨੇ ਇਸ ਮਾਮਲੇ ’ਤੇ ਦੋਸ਼ ਲਗਾਉਣ ਦੀ ਖੇਡ ਖੇਡੀ ਸੀ। ਦਿੱਲੀ ਦੀ ਮੁੱਖਮੰਤਰੀ ਰੇਖਾ ਗੁਪਤਾ ਅਤੇ ਮਨਜਿੰਦਰ ਸਿੰਘ ਸਿਰਸਾ ਵਲੋਂ ਜੱਥੇਦਾਰ ਅਕਾਲ ਤਖਤ ਸਾਹਿਬ ਦੀ ਮਿਲਣੀ ਉਪਰੰਤ ਸਕਾਰਾਤਮਕ ਨਤੀਜੇ ਦੀ ਉਮੀਦ ਸੀ, ਕਿਉਂਕਿ ਭਾਜਪਾ ਕੇਂਦਰ ਅਤੇ ਦਿੱਲੀ ਦੋਵਾਂ ਵਿੱਚ ਸੱਤਾ ਵਿੱਚ ਹੈ, ਪਰ ਓਸ ਨੂੰ ਸਿੱਖਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਹੋਣ ਦਾ ਅਹਿਸਾਸ ਕਰਵਾ ਕੇ ਖ਼ਤਮ ਕਰ ਦਿੱਤੀ ਗਈ ਹੈ। ਪ੍ਰੋ ਭੁੱਲਰ ਉਨ੍ਹਾਂ ਅੱਠ ਸਿੱਖ ਕੈਦੀਆਂ ਵਿੱਚੋਂ ਇੱਕ ਸਨ ਜਿਨ੍ਹਾਂ ਨੂੰ 2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ ’ਤੇ ਸੰਵਿਧਾਨ ਦੀ ਧਾਰਾ 161 ਦੇ ਤਹਿਤ ਵਿਸ਼ੇਸ਼ ਮੁਆਫ਼ੀ ਦਿੱਤੀ ਜਾਣੀ ਸੀ ਅਤੇ ਜੇਲ੍ਹ ਤੋਂ ਰਿਹਾਅ ਕੀਤਾ ਜਾਣਾ ਸੀ। ਇਥੇ ਦਸਣਯੋਗ ਹੈ ਕਿ ਤਿਹਾੜ ਜੇਲ੍ਹ ਵਿਚ ਬੰਦ ਪ੍ਰੋ ਭੁੱਲਰ ਨੂੰ 2001 ਵਿੱਚ ਦੋਸ਼ੀ ਠਹਿਰਾਂਦੇ ਹੋਏ ਮੌਤ ਦੀ ਸਜ਼ਾ ਸੁਣਾਈ ਗਈ ਸੀ। ਬਾਅਦ ਵਿੱਚ, ਸੁਪਰੀਮ ਕੋਰਟ ਨੇ ਉਸਦੀ ਖਰਾਬ ਸਿਹਤ ਅਤੇ ਮੁਕੱਦਮੇ ਵਿੱਚ ਬੇਲੋੜੀ ਦੇਰੀ ਨੂੰ ਧਿਆਨ ਵਿੱਚ ਰੱਖਦੇ ਹੋਏ, ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਸੀ। 2015 ਵਿੱਚ, ਉਨ੍ਹਾਂ ਨੂੰ ਸਿਹਤ ਦੇ ਕਾਰਨਾਂ ਕਰਕੇ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਉਦੋਂ ਤੋਂ, ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਉਹ ਲਗਭਗ 30 ਸਾਲ ਦੀ ਅਸਲ ਸਜ਼ਾ ਭੁਗਤ ਚੁੱਕੇ ਹਨ।



## ਯੂਕੇ ਵੀਜ਼ਾ ਨਿਯਮਾਂ ’ਚ ਵੱਡਾ ਬਦਲਾਅ ! ਭਾਰਤੀ ਯਾਤਰੀਆਂ ਲਈ ਵੀਜ਼ਾ ਸਟਿਕਰ ਖਤਮ

**ਲੰਡਨ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਬ੍ਰਿਟੇਨ ਨੇ ਬੁੱਧਵਾਰ ਤੋਂ ਇੱਕ ਨਵਾਂ ਡਿਜੀਟਲ ਯਾਤਰਾ ਸਿਸਟਮ ਲਾਗੂ ਕੀਤਾ ਹੈ, ਜਿਸ ਦੇ ਤਹਿਤ ਭਾਰਤੀ ਯਾਤਰੀਆਂ ਲਈ ਈ-ਵੀਜ਼ਾ ਲਾਜ਼ਮੀ ਕਰ ਦਿੱਤਾ ਗਿਆ ਹੈ। ਯੂਨਾਈਟਿਡ ਕਿੰਗਡਮ ਦੀ ਇਸ ਨਵੀਂ ਪ੍ਰਣਾਲੀ ਦੇ ਤਹਿਤ, ਰਵਾਇਤੀ ਕਾਗਜ਼-ਅਧਾਰਤ ਵੀਜ਼ਾ ’ਸਟਿੱਕਰ’ ਪ੍ਰਣਾਲੀ ਨੂੰ ਖਤਮ ਕਰ ਦਿੱਤਾ ਗਿਆ ਹੈ ਅਤੇ ਇੱਕ ਡਿਜੀਟਲ ਪ੍ਰਣਾਲੀ ਲਾਗੂ ਕੀਤੀ ਗਈ ਹੈ। ਇਨ੍ਹਾਂ ਨਿਯਮਾਂ ਮਗਰੋਂ ਹੁਣ ਭਾਰਤੀ ਯਾਤਰੀ ਸਿਰਫ਼ ਈ-ਵੀਜ਼ਾ ਰਾਹੀਂ ਹੀ ਦਾਖਲ ਹੋ ਸਕਣਗੇ। 85 ਦੇਸ਼ਾਂ ਦੇ ਨਾਗਰਿਕ ਜਿਨ੍ਹਾਂ ਨੂੰ ਪਹਿਲਾਂ ਵੀਜ਼ੇ ਦੀ ਲੋੜ ਨਹੀਂ ਸੀ (ਜਿਵੇਂ ਕਿ ਅਮਰੀਕਾ, ਕੈਨੇਡਾ, ਫਰਾਂਸ) ਨੂੰ ਹੁਣ ਇਲੈਕਟ੍ਰਾਨਿਕ ਯਾਤਰਾ ਅਧਿਕਾਰ (5“ 1) ਪ੍ਰਾਪਤ ਕਰਨ ਦੀ ਲੋੜ ਹੋਵੇਗੀ। ਏਅਰਲਾਈਨਾਂ ਯਾਤਰੀਆਂ ਨੂੰ ਸਿਰਫ਼ ਤਾਂ ਹੀ ਸਵਾਰ ਹੋਣ ਦੀ ਇਜਾਜ਼ਤ ਦੇਣਗੀਆਂ ਜੇਕਰ ਉਨ੍ਹਾਂ ਕੋਲ ਵੈਧ ਈ-ਵੀਜ਼ਾ, ਈਟੀਏ ਜਾਂ ਹੋਰ ਪ੍ਰਵਾਨਿਤ ਦਸਤਾਵੇਜ਼ ਲਾਜ਼ਮੀ ਮੰਨੇ ਜਾਣਗੇ।

## ਪੰਜਾਬੀਆਂ ਲਈ ਵੱਡੀ ਖੁਸ਼ਖਬਰੀ ! ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਟੈਸਟ ਉਡਾਣ ਸਫਲ

**ਹਲਵਾਰਾ , 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਲੁਧਿਆਣਾ ਜ਼ਿਲ੍ਹੇ ਦੇ ਬਹੁਚਰਚਿਤ ਹਲਵਾਰਾ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਟੈਸਟ ਉਡਾਣ ਸਫਲ ਰਹੀ ਹੈ। ਦਿੱਲੀ ਤੋਂ ਆਏ ਸਫੈਦ ਰੰਗ ਦੇ ਪ੍ਰਾਈਵੇਟ ਜਹਾਜ਼ ਨੇ ਜਦੋਂ ਰਨਵੇ ’ਤੇ ਸੁਚੱਜੀ ਲੈਂਡਿੰਗ ਕੀਤੀ ਤਾਂ ਏਅਰਪੋਰਟ ਪ੍ਰਬੰਧਨ ਨਾਲ ਜੁੜੇ ਅਧਿਕਾਰੀਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਟੇਕਆਫ਼ ਵੀ ਬਿਨਾਂ ਕਿਸੇ ਤਕਨੀਕੀ ਰੁਕਾਵਟ ਦੇ ਹੋਇਆ, ਜਿਸ ਨਾਲ ਏਅਰਪੋਰਟ ਦੀ ਤਕਨੀਕੀ ਤਿਆਰੀ ਨੂੰ ਹਰੀ ਝੰਡੀ ਮਿਲ ਗਈ ਹੈ। ਭਰੋਸੇਯੋਗ ਸਰੋਤਾਂ ਅਨੁਸਾਰ ਇਹ ਟੈਸਟ ਉਡਾਣ ਪੂਰੀ ਤਰ੍ਹਾਂ ਗੁਪਤ ਰੱਖੀ ਗਈ ਸੀ। ਜਦੋਂ ਪਹਿਲੀ ਵਾਰ ਵੱਡੇ ਜਹਾਜ਼ ਨੂੰ ਹਲਵਾਰਾ ਦੇ ਆਸਮਾਨ ਵਿੱਚ ਉਡਦਿਆਂ ਅਤੇ ਫਿਰ ਰਨਵੇ ’ਤੇ ਉਤਰਦਿਆਂ ਦੇਖਿਆ ਗਿਆ ਤਾਂ ਨੇੜਲੇ ਪਿੰਡਾਂ ਅਤੇ ਕਸਬਿਆਂ ਦੇ ਲੋਕ ਘਰਾਂ ਦੀਆਂ ਛੱਤਾਂ ’ਤੇ ਚੜ੍ਹ ਗਏ। ਕਈ ਲੋਕਾਂ ਨੇ ਇਸ ਇਤਿਹਾਸਕ ਪਲ ਨੂੰ ਆਪਣੇ ਮੋਬਾਈਲ ਫੋਨਾਂ ਵਿੱਚ ਕੈਦ ਕੀਤਾ। ਜਾਣਕਾਰੀ ਮੁਤਾਬਕ ਟੈਸਟ ਉਡਾਣ ਦੌਰਾਨ ਲਗਭਗ 25 ਤੋਂ ਵੱਧ ਅਧਿਕਾਰੀ ਦਿੱਲੀ ਤੋਂ ਹਲਵਾਰਾ ਪਹੁੰਚੇ। ਇਨ੍ਹਾਂ ਵਿੱਚ ਮਿਨਿਸਟਰੀ ਆਫ ਸਿਵਿਲ ਐਵੀਏਸ਼ਨ ਏਅਰਪੋਰਟ ਅਥੋਰਟੀ ਆਫ ਇੰਡੀਆ ਅਤੇ ਹੋਰ ਸੰਬੰਧਤ ਵਿਭਾਗਾਂ ਦੇ ਨੁਮਾਇੰਦੇ ਸ਼ਾਮਲ ਸਨ। ਉਡਾਣ ਬੋਇੰਗ 737 ਜਹਾਜ਼ ਰਾਹੀਂ ਕੀਤੀ ਗਈ, ਜਿਸ ਨੇ ਏਅਰ ਫੋਰਸ ਸਟੇਸ਼ਨ ਹਲਵਾਰਾ ਦੇ ਰਨਵੇ ’ਤੇ ਲੈਂਡਿੰਗ ਕੀਤੀ। ਹਲਵਾਰਾ ਤੋਂ ਕੁਝ ਸਥਾਨਕ ਅਧਿਕਾਰੀਆਂ ਨੂੰ ਨਾਲ ਲੈ ਕੇ ਜਹਾਜ਼ ਮੁੜ ਦਿੱਲੀ ਲਈ ਰਵਾਨਾ ਹੋ ਗਿਆ।

## ਪੁਲਸ ਐਨਕਾਊਂਟਰ ’ਚ ਮਾਰੇ ਗਏ ਰਣਜੀਤ ਸਿੰਘ ਦਾ ਪਰਿਵਾਰ ਆਇਆ ਸਾਹਮਣੇ, ਲਗਾਏ ਵੱਡੇ ਦੋਸ਼

**ਗੁਰਦਾਸਪੁਰ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸਰਹੱਦੀ ਇਲਾਕੇ ਦੁਰਾਂਗਲਾ ਦੇ ਪਿੰਡ ਆਦੀਆਂ ਵਿਖੇ ਪੁਲਸ ਚੌਕੀ ’ਤੇ ਹਮਲਾ ਕਰਕੇ ਦੋ ਪੁਲਸ ਮੁਲਾਜ਼ਮਾਂ ਦਾ ਕਤਲ ਕਰਨ ਦੇ ਮਾਮਲੇ ਤੋਂ ਬਾਅਦ ਅੱਜ ਸਵੇਰੇ ਪੁਲਸ ਵੱਲੋਂ ਕੀਤੇ ਗਏ ਐਨਕਾਊਂਟਰ ਦੌਰਾਨ ਮਾਰੇ ਗਏ ਨੌਜਵਾਨ ਰਣਜੀਤ ਸਿੰਘ ਦੇ ਪਰਿਵਾਰਿਕ ਮੈਂਬਰ ਅਤੇ ਪਿੰਡ ਵਾਸੀ ਕੈਮਰੇ ਸਾਹਮਣੇ ਆ ਗਏ ਹਨ। ਪਿੰਡ ਆਦੀਆਂ ਵਿਚ ਇਕੱਠੇ ਹੋਏ ਲੋਕਾਂ ਨੇ ਮ੍ਰਿਤਕ ਦੀ ਮਾਤਾ ਸੁਖਵਿੰਦਰ ਕੌਰ ਅਤੇ ਪਰਿਵਾਰਕ ਮੈਂਬਰ ਹਰਵਿੰਦਰ ਸਿੰਘ ਦੀ ਹਾਜ਼ਰੀ ਵਿਚ ਗੰਭੀਰ ਦੋਸ਼ ਲਗਾਏ ਹਨ ਕਿ ਰਣਜੀਤ ਸਿੰਘ ਨੂੰ ਪੁਲਸ ਵੱਲੋਂ ਘਰੋਂ ਹੀ ਚੁੱਕ ਕੇ ਲਿਜਾਇਆ ਗਿਆ ਸੀ ਅਤੇ ਬਾਅਦ ਵਿਚ ਉਸਦਾ ਫਰਜ਼ੀ ਐਨਕਾਊਂਟਰ ਕਰ ਦਿੱਤਾ ਗਿਆ। ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਮੁੰਡੇ ਨੂੰ ਝੂਠੇ ਮਾਮਲੇ ਵਿਚ ਫਸਾਇਆ ਗਿਆ ਹੈ ਅਤੇ ਉਸ ਨਾਲ ਧੱਕਾ ਕੀਤਾ ਗਿਆ ਹੈ। ਪਰਿਵਾਰਕ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਜਿਨ੍ਹਾਂ ਪੁਲਸ ਅਧਿਕਾਰੀਆਂ ਜਾਂ ਕਰਮਚਾਰੀਆਂ ਦੀ ਇਸ ਘਟਨਾ ਵਿਚ ਭੂਮਿਕਾ ਹੈ, ਉਨ੍ਹਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਮ੍ਰਿਤਕ ਨੌਜਵਾਨ ਨੂੰ ਇਨਸਾਫ਼ ਮਿਲੇ। ਪਿੰਡ ਵਾਸੀਆਂ ਨੇ ਵੀ ਪਰਿਵਾਰ ਦੇ ਹੱਕ ਵਿਚ ਆਵਾਜ਼ ਉਠਾਉਂਦਿਆਂ ਨਿਰਪੱਖ ਜਾਂਚ ਦੀ ਮੰਗ ਕੀਤੀ ਹੈ। ਜ਼ਿਕਰਯੋਗ ਹੈ ਕਿ ਅੱਜ ਇਸ ਤੋਂ ਪਹਿਲਾਂ ਡੀਆਈਜੀ ਵੱਲੋਂ ਪ੍ਰੈਸ ਕਾਨਫਰੰਸ ਕਰਕੇ ਜਾਣਕਾਰੀ ਦਿੱਤੀ ਗਈ ਸੀ ਕਿ ਕੁਝ ਦਿਨ ਪਹਿਲਾਂ ਸਰਹੱਦੀ ਖੇਤਰ ਵਿਚ ਦੋ ਪੁਲਸ ਮੁਲਾਜ਼ਮਾਂ ਦੀ ਹੱਤਿਆ ਦੇ ਮਾਮਲੇ ਵਿਚ ਤਿੰਨ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਵਿਚੋਂ ਇੱਕ ਰਣਜੀਤ ਸਿੰਘ ਐਨਕਾਊਂਟਰ ਦੌਰਾਨ ਮਾਰਿਆ ਗਿਆ। ਪੁਲਸ ਅਨੁਸਾਰ ਮੁਲਜ਼ਮ ਨੇ ਫਰਾਰ ਹੋਣ ਤੋਂ ਬਾਅਦ ਪੁਲਸ ਪਾਰਟੀ ‘ਤੇ ਗੋਲੀਆਂ ਚਲਾਈਆਂ ਸਨ, ਜਿਸ ਦੀ ਜਵਾਬੀ ਕਾਰਵਾਈ ਵਿਚ ਉਹ ਜ਼ਖ਼ਮੀ ਹੋਇਆ ਅਤੇ ਬਾਅਦ ਵਿਚ ਉਸ ਦੀ ਮੌਤ ਹੋ ਗਈ। ਹਾਲਾਂਕਿ ਹੁਣ ਪਰਿਵਾਰ ਵੱਲੋਂ ਲਗਾਏ ਗਏ ਦੋਸ਼ਾਂ ਨੇ ਇਸ ਮਾਮਲੇ ਨੂੰ ਨਵਾਂ ਮੋੜ ਦੇ ਦਿੱਤਾ ਹੈ। ਇਕ ਪਾਸੇ ਪੁਲਸ ਇਸਨੂੰ ਮੁਕਾਬਲੇ ਦੀ ਕਾਰਵਾਈ ਕਰਾਰ ਦੇ ਰਹੀ ਹੈ, ਦੂਜੇ ਪਾਸੇ ਪਰਿਵਾਰ ਇਸਨੂੰ ਫਰਜ਼ੀ ਐਨਕਾਊਂਟਰ ਦੱਸ ਰਿਹਾ ਹੈ। ਮਾਮਲਾ ਹੁਣ ਚਰਚਾ ਦਾ ਵਿਸ਼ਾ ਬਣ ਗਿਆ ਹੈ ਅਤੇ ਲੋਕ ਨਿਰਪੱਖ ਜਾਂਚ ਦੀ ਉਡੀਕ ਕਰ ਰਹੇ ਹਨ।



## ਪੱਛਮੀ ਪਹਿਰਾਵਾ ਪਹਿਨਣ ’ਤੇ ਸ਼੍ਰੋਮਣੀ ਦੀ ਵੱਡੀ ਕਾਰਵਾਈ, 20 ਮੁਲਾਜ਼ਮਾਂ ਨੂੰ ਲਾਇਆ ਜੁਰਮਾਨਾ

**ਅੰਮ੍ਰਿਤਸਰ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਨੇ ਪੱਛਮੀ ਪਹਿਰਾਵਾ ਪਹਿਨਣ ਦੇ ਇੱਕ ਮਾਮਲੇ ਵਿੱਚ ਸਖਤ ਕਾਰਵਾਈ ਕੀਤੀ ਹੈ। ਐਸਜੀਪੀਸੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਾਰਵਾਈ ਕਰਦੇ ਹੋਏ ਮਾਮਲੇ ਵਿੱਚ 20 ਮੁਲਾਜ਼ਮਾਂ ਨੂੰ ਜੁਰਮਾਨਾ ਲਾਇਆ ਹੈ। ਜਾਣਕਾਰੀ ਅਨੁਸਾਰ, ਇਹ ਕਾਰਵਾਈ ਬੀਤੇ ਦਿਨੀ ਇੱਕ ਮੀਟਿੰਗ ਦੌਰਾਨ ਮੁਲਾਜ਼ਮਾਂ ਦੇ ਪੱਛਮੀ ਪਹਿਰਾਵਾ (ਸੂਟ-ਬੂਟ, ਕੋਟ-ਪੈਂਟ, ਜੀਨਸ ਆਦਿ) ਪਾ ਕੇ ਆਉਣ ਕਾਰਨ ਕੀਤੀ ਗਈ। ਇਨ੍ਹਾਂ 20 ਮੁਲਾਜ਼ਮਾਂ ਵਿੱਚ ਮੈਨੇਜਰ ਅਤੇ ਅਕਾਊਂਟੈਂਟ ਸ਼ਾਮਲ ਹਨ।

## ਲਾਰੈਂਸ ਬਿਸ਼ਨੋਈ ਦੇ ਵਕੀਲ ’ਤੇ ਤਾਬੜਤੋੜ ਗੋਲੀਬਾਰੀ, ਇੱਕ ਜ਼ਖ਼ਮੀ

**ਨਵੀਂ ਦਿੱਲੀ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਮੰਗਲਵਾਰ ਦੇਰ ਰਾਤ ਲਗਭਗ 10:10 ਵਜੇ ਦਿੱਲੀ ਦੇ ਕਸ਼ਮੀਰੀ ਗੇਟ ਇਲਾਕੇ ਵਿੱਚ ਅਣਪਛਾਤੇ ਹਮਲਾਵਰਾਂ ਨੇ ਇੱਕ ਕਾਰ ’ਤੇ ਗੋਲੀਬਾਰੀ ਕੀਤੀ, ਜਿਸ ਵਿੱਚ ਇੱਕ ਵਿਅਕਤੀ ਜ਼ਖਮੀ ਹੋ ਗਿਆ। ਪੁਲਿਸ ਅਨੁਸਾਰ, ਕਾਰ ਵਿੱਚ ਪੰਜ ਲੋਕ ਸਨ ਅਤੇ ਗੋਲੀਬਾਰੀ ਤੋਂ ਬਾਅਦ ਹਮਲਾਵਰ ਭੱਜ ਗਏ। ਜ਼ਖਮੀ ਵਿਅਕਤੀ ਨੂੰ ਤੁਰੰਤ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦਾ ਇਲਾਜ ਚੱਲ ਰਿਹਾ ਹੈ। ਉਸਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ। ਦਿੱਲੀ ਪੁਲਿਸ ਦੇ ਡੀਸੀਪੀ ਉੱਤਰੀ ਰਾਜਾ ਬੰਠੀਆ ਨੇ ਮੌਕੇ ’ਤੇ ਪੱਤਰਕਾਰਾਂ ਨੂੰ ਦੱਸਿਆ ਕਿ ਸਾਨੂੰ ਰਾਤ ਲਗਭਗ 10:10 ਵਜੇ ਸੂਚਨਾ ਮਿਲੀ ਕਿ ਕਸ਼ਮੀਰੀ ਗੇਟ ਨੇੜੇ ਇੱਕ ਕਾਰ ’ਤੇ ਗੋਲੀਬਾਰੀ ਕੀਤੀ ਗਈ ਹੈ। ਦਿੱਲੀ ਪੁਲਿਸ ਦੇ ਡੀਸੀਪੀ ਨੇ ਦੱਸਿਆ ਕਿ ਮੌਕੇ ’ਤੇ ਪਹੁੰਚਣ ’ਤੇ, ਉਨ੍ਹਾਂ ਨੇ ਦੇਖਿਆ ਕਿ ਗੱਡੀ ’ਤੇ ਚਾਰ ਤੋਂ ਪੰਜ ਰਾਊਂਡ ਫਾਇਰ ਕੀਤੇ ਗਏ ਸਨ। ਇੱਕ ਵਿਅਕਤੀ ਜ਼ਖਮੀ ਹੋ ਗਿਆ ਅਤੇ ਉਸਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਡੀਸੀਪੀ ਨੇ ਕਿਹਾ ਕਿ ਉਹ ਜਾਂਚ ਦੇ ਹਰ ਪਹਿਲੂ ’ਤੇ ਕੰਮ ਕਰ ਰਹੇ ਹਨ। ਟੀਮ ਵੱਲੋਂ ਸੀਸੀਟੀਵੀ ਫੁਟੇਜ, ਗਵਾਹਾਂ ਦੇ ਬਿਆਨਾਂ ਅਤੇ ਹੋਰ ਤਕਨੀਕੀ ਸਬੂਤਾਂ ਦੇ ਆਧਾਰ ’ਤੇ, ਹਮਲਾਵਰਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜ਼ਖ਼ਮੀ ਵੱਲੋਂ ਖੁਦ ਨੂੰ ਦੱਸਿਆ ਜਾ ਰਿਹਾ ਲਾਰੈਂਸ ਦੀ ਕਾਨੂੰਨੀ ਟੀਮ ਦਾ ਹਿੱਸਾ ਪੁਲਿਸ ਦੇ ਅਨੁਸਾਰ, ਕਾਰ ਵਿੱਚ ਸਵਾਰ ਲੋਕਾਂ ਵਿੱਚੋਂ ਇੱਕ ਵਕੀਲ ਦੀਪਕ ਖੱਤਰੀ ਹੈ, ਜੋ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਕਾਨੂੰਨੀ ਟੀਮ ਦਾ ਹਿੱਸਾ ਹੋਣ ਦਾ ਦਾਅਵਾ ਕਰ ਰਿਹਾ ਹੈ। ਘਟਨਾ ਸਮੇਂ ਕਾਰ ਵਿੱਚ ਸਵਾਰ ਬਾਕੀ ਚਾਰ ਲੋਕ ਸੁਰੱਖਿਅਤ ਹਨ। ਪੁਲਿਸ ਨੇ ਕਿਹਾ ਕਿ ਹਮਲੇ ਦਾ ਉਦੇਸ਼ ਅਜੇ ਸਪੱਸ਼ਟ ਨਹੀਂ ਹੈ, ਪਰ ਇਹ ਕਿਸੇ ਪੁਰਾਣੀ ਦੁਸ਼ਮਣੀ ਜਾਂ ਗੈਂਗ ਵਾਰ ਨਾਲ ਸਬੰਧਤ ਹੋ ਸਕਦਾ ਹੈ। ਪੁਲਿਸ ਨੇ ਮੌਕੇ ’ਤੇ ਪਹੁੰਚ ਕੇ ਨੇੜਲੇ ਸੀਸੀਟੀਵੀ ਕੈਮਰਿਆਂ ਤੋਂ ਫੁਟੇਜ ਜ਼ਬਤ ਕਰ ਲਈ ਹੈ। ਇੱਕ ਫੋਰੈਂਸਿਕ ਟੀਮ ਨੇ ਵੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਵੱਲੋਂ ਆਲੇ-ਦੁਆਲੇ ਦੇ ਖੇਤਰ ਦੀ ਘੇਰਾਬੰਦੀ ਕੀਤੀ ਗਈ ਹੈ। ਗੋਲੀਬਾਰੀ ਵਾਲੀ ਥਾਂ ਤੋਂ ਖਾਲੀ ਕਾਰਤੂਸ ਬਰਾਮਦ ਕੀਤੇ ਗਏ ਹਨ ਅਤੇ ਹਥਿਆਰ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।






**ਸਾਹਿਬ ਸਤਿਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਖਾਰਗਰ ਨਵੀਂ ਮੁੰਬਈ ਵਿਖੇ ਮਿਤੀ 28 ਫਰਵਰੀ ਅਤੇ 1 ਮਾਰਚ 2026 ਨੂੰ ਦੋ ਰੋਜ਼ਾ ਬਹੁਤ ਭਾਰੀ ਮਹਾਨ ਗੁਰਮਤਿ ਸਮਾਗਮ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਮੁਖੀ ਦਮਦਮੀ ਟਕਸਾਲ ਮਹਾਂਪੁਰਸ਼ਾ ਦੀ ਅਗੁਵਾਈ 'ਚ ਮਹਾਰਾਸ਼ਟਰ ਦੀ ਸਰਕਾਰ ਦੀ ਦੇਖ ਰੇਖ ਹੇਠ ਕੀਤਾ ਜਾ ਰਿਹਾ ਹੈ।**

**ਸੰਗਤਾਂ ਨੂੰ ਬੇਨਤੀ ਹੈ ਇਹਨਾਂ ਸਮਾਗਮਾਂ 'ਚ ਹਾਜਰੀਆਂ ਭਰੋ ਅਤੇ ਲਾਹੇ ਪ੍ਰਾਪਤ ਕਰੋ ਜੀ।**

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear
death of conscience is a sure death

Sant Jarnail Singh Ji Khalsa Bhindranwale

www.damdamitaksal.net

ਦਮਦਮੀ ਟਕਸਾਲ

ਨਾਮ ਜਪੋ ਕਿਰਤ ਕਰੋ ਵੰਡ ਛੱਕੋ | Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ — Learn Gatka

www.damdamitaksal.net

ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਪੂਜਾ ਅਕਾਲ ਕੀ ਪਰਚਾ ਸ਼ਬਦ ਕਾ ਦੀਦਾਰ ਖਾਲਸੇ ਕਾ

# ਧਾਰਮਿਕ ਦੀਵਾਨ

ਮਿਤੀ 27-28 ਫਰਵਰੀ 1 ਮਾਰਚ 2026
ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ
ਸਮਾਂ: ਦੁਪਹਿਰ 12 ਤੋਂ 3 ਵਜੇ ਤੱਕ

ਸਥਾਨ - ਗੁਰਦੁਆਰਾ ਸਾਹਿਬ
ਪਿੰਡ ਗੰਡਾ ਸਿੰਘ ਵਾਲਾ (ਗੁਰਬਖਸ਼ਪੁਰਾ)
ਤਹਿਸੀਲ ਧੂਰੀ ਜ਼ਿਲਾ ਸੰਗਰੂਰ

ਅੰਮ੍ਰਿਤ ਸੰਚਾਰ 1 ਮਾਰਚ ਦਿਨੇ 12 ਵਜੇ ਹੋਵੇਗਾ ਜੀ

ਸਰਬੱਤ ਸੰਗਤਾਂ ਸਮੇਂ ਸਿਰ ਪੁੱਜ ਕੇ ਗੁਰਬਾਣੀ ਇਤਿਹਾਸ ਦਾ ਲਾਹਾ ਪ੍ਰਾਪਤ ਕਰੋ ਜੀ

ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ

ਬੇਨਤੀ ਕਰਤਾ -
ਸਮੂੰਹ ਗੁਰਦੁਆਰਾ ਪ੍ਰਬੰਧਕ ਕਮੇਟੀ ਸੇਵਾਦਾਰ ਸਾਧ ਸੰਗਤ
ਅਤੇ ਨਗਰ ਪੰਚਾਇਤ
ਪਿੰਡ ਗੰਡਾ ਸਿੰਘ ਵਾਲਾ (ਗੁਰਬਖਸ਼ਪੁਰਾ) ਸੰਗਰੂਰ



ਪੰਥ ਪ੍ਰਸਿੱਧ ਸਿੱਖ ਪ੍ਰਚਾਰਕ
ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ

ਸੰਪਰਕ:-
95017-08405, 94171-709154, 98143-41911, 81950-09160


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV

### ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ

# ਅੰਤਰ ਕਾਲਜ ਯੁਵਕ ਮੇਲਾ 2026 ਆਯੋਜਿਤ











**ਤਲਵੰਡੀ ਸਾਬੋ/ਬਠਿੰਡਾ, 25 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਅੰਤਰ ਕਾਲਜ ਯੁਵਕ ਮੇਲਾ-2026 ਆਦੇਸ਼ ਯੂਨੀਵਰਸਿਟੀ ਬਠਿੰਡਾ ਵਿਖੇ ਕਰਵਾਇਆ ਗਿਆ, ਜਿਸ ਵਿੱਚ 55 ਕਾਲਜਾਂ ਦੇ 600 ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਤੇ ਵਿਦਿਆਰਥੀਆਂ ਦੇ ਕਵਿਤਾ ਉਚਾਰਣ, ਕੁਇਜ਼, ਦਸਤਾਰ ਸਜਾਉਣ, ਪੋਸਟਰ ਮੇਕਿੰਗ, ਪੈਰਾ ਰਚਨਾ, ਕਲੇਅ ਮਾਡਲਿੰਗ, ਅੱਖਰਕਾਰੀ ਮੁਕਾਬਲੇ ਅਤੇ ਰੰਗੋਲੀ ਮੁਕਾਬਲੇ ਕਰਵਾਏ ਗਏ। ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਕੀਰਤਨ ਦੁਆਰਾ ਹੋਈ। ਇਸ ਮੌਕੇ ਤੇ ਆਦੇਸ਼ ਮੈਡੀਕਲ ਯੂਨੀਵਰਸਿਟੀ ਦੇ ਚਾਂਸਲਰ ਡਾ.ਹਰਿੰਦਰ ਸਿੰਘ ਗਿੱਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਆਦੇਸ਼ ਯੂਨੀਵਰਸਿਟੀ ਬਠਿੰਡਾ ਦੇ ਵਾਈਸ ਚਾਂਸਲਰ ਕਰਨਲ ਜਗਦੇਵ ਸਿੰਘ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਡਾ. ਵਰੁਣ ਮਲਹੋਤਰਾ ਰਜਿਸਟਰਾਰ,ਆਦੇਸ਼ ਯੂਨੀਵਰਸਿਟੀ, ਡਾ.ਅਮਨੀਸ਼ ਸਿੰਘ ਡੀਨ ਸਟੂਡੈਂਟ ਵੈਲਫੇਅਰ, ਡਾ.ਸਤਨਾਮ ਸਿੰਘ ਕੋਆਰਡੀਨੇਟਰ ਯੂਥ ਅਫੈਅਰਜ਼ ਆਦੇਸ਼ ਯੂਨੀਵਰਸਿਟੀ, ਡਾ.ਅਮਨਦੀਪ ਕੌਰ, ਕੋਆਰਡੀਨੇਟਰ ਸਟੂਡੈਂਟ ਵੈਲਫੇਅਰ, ਡਾ. ਰਾਜੀਵ ਮਹਾਜਨ, ਡੀਨ ਅਕੈਡਮਿਕ ਅਫੈਅਰਜ਼, ਡਾ.ਅਵੀਨਿੰਦਰਪਾਲ ਸਿੰਘ ਡਾਇਰੈਕਟਰ ਜਨਰਲ ਐਚ.ਆਰ.ਡੀ, ਸ.ਸਿਵਰਾਜ਼ ਸਿੰਘ ਸਟੇਟ ਸਕੱਤਰ ਪੰਜਾਬ, ਸ.ਬਲਵੰਤ ਸਿੰਘ ਜ਼ੋਨਲ ਸਪ੍ਰਸਤ, ਸ.ਰਣਜੀਤ ਸਿੰਘ ਜ਼ੋਨਲ ਪ੍ਰਧਾਨ, ਸ.ਗੁਰਚਰਨ ਸਿੰਘ ਜ਼ੋਨਲ ਸਕੱਤਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਇਸ ਦੌਰਾਨ ਸਟੱਡੀ ਸਰਕਲ ਵੱਲੋਂ ਕਰਵਾਏ ਗਏ ਨੈਤਿਕ ਇਮਤਿਹਾਨ ਕਾਲਜ 2026 ਵਿੱਚ ਮੈਰਿਟ ਆਉਣ ਵਾਲੇ 60 ਵਿਦਿਆਰਥੀਆ ਨੂੰ ਨਗਦ ਇਨਾਮਾਂ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਵੱਖ-ਵੱਖ ਮੁਕਾਬਲਿਆਂ ਦੇ ਪ੍ਰਾਪਤ ਹੋਏ ਨਤੀਜਿਆਂ ਅਨੁਸਾਰ ਕਵਿਤਾ ਮੁਕਾਬਲੇ ਵਿਚ ਹਰਪ੍ਰੀਤ ਕੌਰ ਦਸ਼ਮੇਸ਼ ਗਰਲਜ਼ ਕਾਲਜ ਆਫ਼ ਐਜੂਕੇਸ਼ਨ ਬਾਦਲ ਨੇ ਪਹਿਲਾ ਸਥਾਨ, ਸਿਮਰਨਜੀਤ ਕੌਰ, ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ਼ ਕਾਲਜ, ਸੁਖਾਨੰਦ ਨੇ ਦੂਸਰਾ ਅਤੇ ਕੋਮਲਪ੍ਰੀਤ ਕੌਰ ਬਾਬਾ ਫਰੀਦ ਕਾਲਜ਼ ਆਫ਼ ਐਜੂਕੇਸ਼ਨ ਦਿਉਣ ਨੇ ਤੀਸਰਾ ਸਥਾਨ ਹਾਸਲ ਕੀਤਾ। ਕੁਇਜ਼ ਮੁਕਾਬਲੇ ਵਿਚ ਸਰਕਾਰੀ ਬਰਜਿੰਦਰਾ ਕਾਲਜ਼ ਫਰੀਦਕੋਟ ਦੀ ਟੀਮ ਨੇ ਪਹਿਲਾ ਸਥਾਨ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਨੇ ਦੂਸਰਾ ਅਤੇ ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ ਬਠਿੰਡਾ ਦੀ ਟੀਮ ਨੇ ਤੀਸਰਾ ਸਥਾਨ ਹਾਸਲ ਕੀਤਾ। ਕਲੇਅ ਮਾਡਲਿੰਗ ਮੁਕਾਬਲੇ ਵਿਚ ਰਣਦੀਪ ਸਿੰਘ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਨੇ ਪਹਿਲਾ ਸਥਾਨ, ਪਰਨੀਤ ਕੌਰ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਨੇ ਦੂਸਰਾ ਸਥਾਨ ਅਤੇ ਤਨੀਸ਼ਾ ਜੇ.ਡੀ ਕਾਲਜ ਸ੍ਰੀ ਮੁਕਤਸਰ ਸਾਹਿਬ ਨੇ ਤੀਸਰਾ ਸਥਾਨ ਹਾਸਲ ਕੀਤਾ। ਪੋਸਟਰ ਮੇਕਿੰਗ ਮੁਕਾਬਲੇ ਵਿਚ ਭੂਮਿਕਾ, ਐਸ.ਐਸ.ਡੀ ਗਰਲਜ ਕਾਲਜ ਬਠਿੰਡਾ ਨੇ ਪਹਿਲਾ ਸਥਾਨ, ਕਰਨਦੀਪ ਕੌਰ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਨੇ ਦੂਸਰਾ, ਸੋਨੀ ਐਸ.ਐਸ.ਡੀ ਗਰਲਜ਼ ਕਾਲਜ ਬਠਿੰਡਾ ਨੇ ਤੀਸਰਾ ਸਥਾਨ ਹਾਸਲ ਕੀਤਾ। ਦਸਤਾਰ ਸਜਾਉਣ ਮੁਕਾਬਲਾ ਲੜਕੀਆਂ ਵਿਚ ਕਰਮਜੀਤ ਕੌਰ ਗੁਰੂ ਨਾਨਕ ਦੇਵ ਖਾਲਸਾ ਗਰਲਜ਼ ਕਾਲਜ ਨੇ ਪਹਿਲਾ, ਪਰਮਿੰਦਰ ਕੌਰ, ਪੰਜਾਬੀ ਯੂਨੀਵਰਸਿਟੀ ਰਿਜ਼ਨਲ ਸੈਂਟਰ ਬਠਿੰਡਾ ਨੇ ਦੂਸਰਾ ਅਤੇ ਹਰਦੀਪ ਕੌਰ, ਸਰਕਾਰੀ ਰਜਿੰਦਰਾ ਕਾਲਜ ਬਠਿੰਡਾ ਨੇ ਤੀਸਰਾ ਸਥਾਨ ਹਾਸਲ ਕੀਤਾ। ਦਸਤਾਰ ਸਜਾਉਣ ਮੁਕਾਬਲਾ ਲੜਕੇ ਵਿਚ ਹਰਮਨ ਸਿੰਘ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਨੇ ਪਹਿਲਾ ਸਥਾਨ, ਸੁਖਬੀਰ ਸਿੰਘ ਅਤੇ ਇੰਦਰਜੀਤ ਸਿੰਘ, ਡੀ.ਐੱਮ.ਕਾਲਜ ਮੋਗਾ ਨੇ ਕ੍ਰਮਵਾਰ ਦੂਸਰਾ ਤੇ ਤੀਸਰਾ ਸਥਾਨ ਹਾਸਲ ਕੀਤਾ। ਰੰਗੋਲੀ ਮੁਕਾਬਲੇ ਵਿਚ ਸਿਮਰਨ, ਗੁਰੂ ਗੋਬਿੰਦ ਸਿੰਘ ਕਾਲਜ ਆਫ਼ ਮੈਨੇਜਮੈਂਟ ਗਿੱਦੜਬਾਹਾ ਨੇ ਪਹਿਲਾ, ਕਮਲਦੀਪ ਕੌਰ, ਸਰਕਾਰੀ ਰਜਿੰਦਰਾ ਕਾਲਜ ਬਠਿੰਡਾ ਨੇ ਦੂਸਰਾ ਅਤੇ ਨੂਰਦੀਪ ਕੌਰ, ਮਹਾਰਾਜਾ ਰਣਜੀਤ ਸਿੰਘ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਨੇ ਤੀਸਰਾ ਸਥਾਨ ਹਾਸਲ ਕੀਤਾ। ਪੈਰ੍ਹਾ ਲਿਖਣ ਮੁਕਾਬਲੇ ਵਿਚ ਜਗਸੀਰ ਸਿੰਘ, ਯੂਨੀਵਰਸਿਟੀ ਕਾਲਜ, ਜੈਤੋ ਨੇ ਪਹਿਲਾ ਸਥਾਨ, ਗੁਰਮਨਦੀਪ ਸਿੰਘ ਸਰਕਾਰੀ ਬਰਜਿੰਦਰਾ ਕਾਲਜ ਫਰੀਦਕੋਟ ਨੇ ਦੂਸਰਾ ਅਤੇ ਸੁਰਜੀਤ ਸਿੰਘ ਸਰਕਾਰੀ ਕਾਲਜ ਸ੍ਰੀ ਮੁਕਤਸਰ ਸਾਹਿਬ ਤੀਸਰਾ ਸਥਾਨ ਹਾਸਲ ਕੀਤਾ। ਅੱਖਰਕਾਰੀ ਮੁਕਾਬਲੇ ਵਿਚ ਤਰਸੇਮ ਸਿੰਘ ਮਹਾਰਾਜਾ ਰਣਜੀਤ ਸਿੰਘ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਨੇ ਪਹਿਲਾ ਸਥਾਨ, ਰਾਜਵੀਰ ਕੌਰ ਸਰਕਾਰੀ ਰਜਿੰਦਰਾ ਕਾਲਜ ਬਠਿੰਡਾ ਨੇ ਦੂਸਰਾ ਅਤੇ ਗੁਰਪ੍ਰੀਤ ਕੌਰ ਦਸ਼ਮੇਸ਼ ਖਾਲਸਾ ਕਾਲਜ ਸ੍ਰੀ ਮੁਕਤਸਰ ਸਾਹਿਬ ਨੇ ਤੀਸਰਾ ਸਥਾਨ ਹਾਸਲ ਕੀਤਾ। ਅੰਤ ਵਿੱਚ ਜੇਤੂ ਵਿਦਿਆਰਥੀਆਂ ਅਤੇ ਆਏ ਹੋਏ ਮਹਿਮਾਨਾਂ ਨੂੰ ਸਨਮਾਨ੍ਹ ਚਿੰਨ ਭੇਂਟ ਕੀਤੇ ਗਏ। ਇਸ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਪੰਜਾਬੀ ਵਿਰਾਸਤ ਗੁਰਮੁਖੀ ਪ੍ਰਦਰਸ਼ਨੀ, ਸਾਹਿਤ ਪ੍ਰਦਰਸ਼ਨੀ ਅਤੇ ਸੈਲਫੀ. ਪੁਆਇੰਟ ਪ੍ਰਦਰਸ਼ਨੀ ਵੀ ਲਗਾਈ ਗਈ।

**55 ਕਾਲਜਾਂ ਦੇ 600 ਵਿਦਿਆਰਥੀ ਹੋਏ ਸ਼ਾਮਿਲ**

### ਸ੍ਰੀ ਅਕਾਲ ਤਖ਼ਤ ਸਾਹਿਬ ਦੇ 2 ਦਸੰਬਰ ਦੇ ਹੁਕਮਨਾਮੇ ਅਨੁਸਾਰ ਹੀ ਹੋ ਸਕਦੀ ਹੈ

# 'ਪੰਥਕ ਏਕਤਾ' ਅਤੇ 'ਪੰਜਾਬ ਦੀ ਬਹਾਲੀ' - ਕਰਨੈਲ ਸਿੰਘ ਪੀਰ ਮੁਹੰਮਦ




**ਚੰਡੀਗੜ੍ਹ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਮੀਤ ਪ੍ਰਧਾਨ ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਅੱਜ ਇੱਕ ਅਹਿਮ ਬਿਆਨ ਜਾਰੀ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ 2 ਦਸੰਬਰ ਨੂੰ ਸੁਣਾਇਆ ਗਿਆ ਇਤਿਹਾਸਕ ਫੈਸਲਾ ਸਮੁੱਚੀ ਅਕਾਲੀ ਲੀਡਰਸ਼ਿਪ ਲਈ ਇੱਕ 'ਸ਼ੀਸ਼ਾ' ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਕੋਈ ਆਗੂ ਆਪਣੀ ਨਿੱਜੀ 'ਕਾਮਨਾ' ਅਤੇ ਸਿਆਸੀ ਲਾਲਸਾ ਦਾ ਤਿਆਗ ਕਰਕੇ ਇਸ ਹੁਕਮਨਾਮੇ ਦੀ ਭਾਵਨਾ ਨੂੰ ਪੂਰੀ ਤਰ੍ਹਾਂ ਨਹੀਂ ਅਪਣਾਉਂਦਾ, ਉਦੋਂ ਤੱਕ ਅਕਾਲੀ ਦਲ ਦੀ ਪੁਨਰ ਸੁਰਜੀਤੀ ਅਤੇ ਪੰਥਕ ਏਕਤਾ ਸੰਭਵ ਨਹੀਂ ਹੈ। ਸਰਦਾਰ ਪੀਰ ਮੁਹੰਮਦ ਨੇ ਬਿਆਨ ਵਿੱਚ ਹੇਠ ਲਿਖੇ ਮੁੱਖ ਨੁਕਤਿਆਂ 'ਤੇ ਜ਼ੋਰ ਦਿੱਤਾ:

1. **ਗਲਤੀਆਂ ਦਾ ਪਛਤਾਵਾ ਅਤੇ ਇਨਸਾਫ਼ ਦੀ ਗੁਹਾਰ**-ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣਾ ਸਿੱਖ ਹਿਰਦਿਆਂ 'ਤੇ ਡੂੰਘਾ ਜ਼ਖ਼ਮ ਹੈ। 2 ਦਸੰਬਰ ਦੇ ਹੁਕਮਨਾਮੇ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਧਾਰਮਿਕ ਅਵੱਗਿਆਵਾਂ ਦੇ ਮਾਮਲੇ ਵਿੱਚ ਕੋਈ ਵੀ ਮੁਆਫ਼ੀ ਸਿਰਫ਼ ਗੁਰੂ ਦਰ 'ਤੇ ਨਤਮਸਤਕ ਹੋ ਕੇ ਅਤੇ ਸੰਗਤ ਦੀ ਕਚਹਿਰੀ ਵਿੱਚ ਜਵਾਬਦੇਹ ਹੋ ਕੇ ਹੀ ਮਿਲ ਸਕਦੀ ਹੈ। ਇਨਸਾਫ਼ ਦੀ ਪ੍ਰਕਿਰਿਆ ਨੂੰ ਤੇਜ਼ ਕਰਨਾ ਹੀ ਏਕਤਾ ਦਾ ਪਹਿਲਾ ਕਦਮ ਹੋਵੇਗਾ।

2. **ਬੰਦੀ ਸਿੰਘਾਂ ਦੀ ਰਿਹਾਈ ਲਈ ਇੱਕਮੁੱਠਤਾ**-ਪੀਰ ਮੁਹੰਮਦ ਨੇ ਸਖ਼ਤ ਸ਼ਬਦਾਂ ਵਿੱਚ ਕਿਹਾ, "ਦਹਾਕਿਆਂ ਤੋਂ ਜੇਲ੍ਹਾਂ ਵਿੱਚ ਬੰਦ ਸਾਡੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਅੱਜ ਵੀ ਅਧੂਰਾ ਹੈ ਕਿਉਂਕਿ ਅਕਾਲੀ ਰਾਜਨੀਤੀ ਨਿੱਜੀ ਹਿੱਤਾਂ ਦੀ ਭੇਂਟ ਚੜ੍ਹ ਗਈ। ਹੁਣ ਸਮਾਂ ਆ ਗਿਆ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰੋਸ਼ਨੀ ਵਿੱਚ ਸਾਰੇ ਧੜੇ ਇੱਕਜੁੱਟ ਹੋ ਕੇ ਕੇਂਦਰ ਸਰਕਾਰ ਵਿਰੁੱਧ ਇੱਕ ਮਜ਼ਬੂਤ ਆਵਾਜ਼ ਬੁਲੰਦ ਕਰਨ।"

3. **ਪੰਜਾਬ ਦੇ ਹੱਕਾਂ ਦੀ ਰਾਖੀ (ਦਰਿਆਈ ਪਾਣੀ ਅਤੇ ਚੰਡੀਗੜ੍ਹ)**-ਉਨ੍ਹਾਂ ਕਿਹਾ ਕਿ ਪੰਜਾਬ ਦੇ ਦਰਿਆਈ ਪਾਣੀਆਂ, ਰਾਜਧਾਨੀ ਚੰਡੀਗੜ੍ਹ 'ਤੇ ਹੱਕ ਅਤੇ ਪੰਜਾਬੀ ਬੋਲਦੇ ਇਲਾਕਿਆਂ ਵਰਗੇ ਗੰਭੀਰ ਮੁੱਦਿਆਂ 'ਤੇ ਅਕਾਲੀ ਦਲ ਦੀ ਪਕੜ ਢਿੱਲੀ ਹੋਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹੁਕਮ ਸਾਨੂੰ ਯਾਦ ਦਿਵਾਉਂਦਾ ਹੈ ਕਿ ਅਕਾਲੀ ਦਲ ਦਾ ਜਨਮ ਪੰਜਾਬ ਅਤੇ ਪੰਥ ਦੀ ਰਾਖੀ ਲਈ ਹੋਇਆ ਸੀ, ਨਾ ਕਿ ਸੱਤਾ ਦੀਆਂ ਕੁਰਸੀਆਂ ਲਈ।

4. **ਨਿੱਜੀ 'ਕਾਮਨਾ' ਦਾ ਤਿਆਗ ਅਤੇ ਸੇਵਾ**-ਸਰਦਾਰ ਪੀਰ ਮੁਹੰਮਦ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਹੁਣ ਵੀ ਆਗੂਆਂ ਦੇ ਮਨਾਂ ਵਿੱਚ 'ਚੌਧਰ' ਦੀ ਭੁੱਖ ਬਾਕੀ ਰਹੀ, ਤਾਂ ਇਤਿਹਾਸ ਉਨ੍ਹਾਂ ਨੂੰ ਕਦੇ ਮੁਆਫ਼ ਨਹੀਂ ਕਰੇਗਾ। ਏਕਤਾ ਸਿਰਫ਼ ਫੋਟੋਆਂ ਖਿਚਵਾਉਣ ਨਾਲ ਨਹੀਂ, ਸਗੋਂ ਜਥੇਦਾਰ ਸਾਹਿਬ ਵੱਲੋਂ ਲਾਈ ਗਈ 'ਸੇਵਾ' ਨੂੰ ਨਿਮਰਤਾ ਨਾਲ ਨਿਭਾਉਣ ਅਤੇ ਪੰਥਕ ਜਜ਼ਬੇ ਨੂੰ ਮੁੜ ਸੁਰਜੀਤ ਕਰਨ ਨਾਲ ਹੀ ਆਵੇਗੀ। ਅੰਤ ਵਿੱਚ, ਸਰਦਾਰ ਕਰਨੈਲ ਸਿੰਘ ਪੀਰ ਮੁਹੰਮਦ ਨੇ ਸਮੂਹ ਨਾਨਕ ਨਾਮ ਲੇਵਾ ਸੰਗਤਾਂ ਅਤੇ ਪੰਥ ਦਰਦੀਆਂ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ 'ਤੇ ਪਹਿਰਾ ਦੇਣ ਅਤੇ ਅਜਿਹੇ ਆਗੂਆਂ ਨੂੰ ਨਕਾਰਨ ਜੋ ਗੁਰੂ ਘਰ ਦੇ ਹੁਕਮਾਂ ਤੋਂ ਉੱਪਰ ਆਪਣੀ ਰਾਜਨੀਤੀ ਨੂੰ ਰੱਖਦੇ ਹਨ।

# ਬਾਬਾ ਬੀਰ ਸਿੰਘ ਜੀ ਅਤੇ ਧੀਰ ਸਿੰਘ ਜੀ ਦੇ ਨਿਸ਼ਾਨਾ ਦਿਵਸ ਨੂੰ ਸਮਰਪਿਤ ਸਜਾਇਆ ਨਗਰ ਕੀਰਤਨ



ਤਲਵੰਡੀ ਸਾਬੋ, 25 ਫਰਵਰੀ (ਗੁਰਜੰਟ ਸਿੰਘ ਨਥੇਹਾ)- ਬਾਬਾ ਬੀਰ ਸਿੰਘ ਜੀ ਬਾਬਾ ਧੀਰ ਸਿੰਘ ਜੀ ਦੇ ਨਿਸ਼ਾਨਾ ਦਿਵਸ ਨੂੰ ਸਮਰਪਿਤ ਅੱਜ ਤਲਵੰਡੀ ਸਾਬੋ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਨਗਰ ਕੀਰਤਨ ਸਜਾਏ ਗਏ। ਜਿਸ ਵਿਚ ਵੱਡੀ ਗਿਣਤੀ ਸੰਗਤਾਂ ਨੇ ਹਾਜ਼ਰੀ ਭਰੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤਖਤ ਸ਼੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਟੇਕ ਸਿੰਘ ਜੀ ਧਨੌਲਾ ਨੇ ਦੱਸਿਆ ਕਿ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਵੱਲੋਂ ਤਖਤ ਸ਼੍ਰੀ ਦਮਦਮਾ ਸਾਹਿਬ ਵਿਖੇ ਬੰਦੂਕ ਦਾ ਨਿਸ਼ਾਨਾ ਪਰਖਿਆ ਜਿਸ ਵਿੱਚ ਬਾਬਾ ਬੀਰ ਸਿੰਘ ਜੀ ਬਾਬਾ ਧੀਰ ਸਿੰਘ ਜੀ ਸਫਲ ਹੋਏ ਸੋ ਅੱਜ ਨਿਸ਼ਾਨਾ ਦਿਵਸ ਵਜੋਂ ਗੁਰਦੁਆਰਾ ਬੁੰਗਾ ਬਾਬਾ ਬੀਰ ਸਿੰਘ ਬਾਬਾ ਧੀਰ ਸਿੰਘ ਦੇ ਸਮੂਹ ਪ੍ਰਬੰਧਕਾਂ ਵੱਲੋਂ ਮਹਾਨ ਨਗਰ ਕੀਰਤਨ ਸਜਾਇਆ ਗਿਆ ਹੈ। ਉਹਨਾਂ ਦੱਸਿਆ ਕਿ ਅਸਥਾਨਾਂ ਤੇ ਸ਼੍ਰੀ ਅਖੰਡ ਪਾਠ ਸਾਹਿਬ ਆਰੰਭ ਹਨ ਜਿਹਨਾਂ ਦੇ ਕੱਲ੍ਹ 26 ਫਰਵਰੀ ਨੂੰ ਭੋਗ ਪਾਏ ਜਾਣਗੇ। ਉਹਨਾਂ ਸੰਗਤ ਨੂੰ ਅਪੀਲ ਕੀਤੀ ਕਿ ਇਸ ਸਮਾਗਮ ਮੌਕੇ ਹੁੰਮ ਹੁੰਮਾ ਕੇ ਪਹੁੰਚਕੇ ਹਾਜ਼ਰੀ ਭਰੀ ਜਾਵੇ। ਇਸ ਮੌਕੇ ਸਿੰਘ ਸਾਹਿਬ ਬਾਬਾ ਟੇਕ ਸਿੰਘ ਜੀ ਵੱਲੋਂ ਪੰਜ ਪਿਆਰੇ ਸਾਹਿਬਾਨ ਅਤੇ ਪ੍ਰਬੰਧਕਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ। ਇਸ ਸਮੇਂ ਹੈਡ ਗ੍ਰੰਥੀ ਭਾਈ ਜਗਤਾਰ ਸਿੰਘ ਜੀ, ਮੀਤ ਮੈਨੇਜਰ ਭਾਈ ਗੁਰਸੇਵਕ ਸਿੰਘ ਅਤੇ ਧਰਮ ਪ੍ਰਚਾਰ ਦੇ ਇੰਚਾਰਜ ਭਾਈ ਭੋਲਾ ਸਿੰਘ ਅਤੇ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

# ਅਨੁਪਾਕਨ ਪ੍ਰਬੰਧਨ ਵਿਚ ਕਰਮਚਾਰੀ ਭਾਵਸਿਆ ਨਿਧਿ ਸੰਘਠਨ ਖੇਤਰੀਆ ਦਫਤਰ ਬਠਿੰਡਾ ਰਿਹਾ ਅਵੱਲ




**ਫ਼ਿਰੋਜ਼ਪੁਰ, 25 ਫਰਵਰੀ (ਮਨੋਹਰ ਲਾਲ)**-ਕਰਮਚਾਰੀ ਭਵਿਸ਼ਿਆ ਨਿਧਿ ਸੰਘਠਨ ਦੇ ਅਚਲਿਕ ਦਫਤਰ ਚੰਡੀਗੜ੍ਹ ਦੁਆਰਾ ਅਨੁਪਾਲਨ ਪ੍ਰਬੰਧਕ ਸ਼੍ਰੇਣੀ ਵਿਚ ਖੇਤਰੀਆ ਦਫਤਰ ਬਠਿੰਡਾ ਨੂੰ ਸਰਵਉੱਚ ਖੇਤਰੀਆ ਦਫਤਰ ਦਾ ਪ੍ਰਤੀਸ਼ਟਤ ਪੁਸਕਾਰ ਪ੍ਰਧਾਨ ਕੀਤਾ ਗਿਆ. ਇਹ ਸਨਮਾਨ ਦਫਤਰ ਦੇ ਪ੍ਰਭਾਰੀ ਅਤੇ ਖੇਤਰੀਆ ਭਵਿਸਿਆ ਨਿਧਿ ਆਯੁਤਾ ਸ੍ਰੀਮਤੀ ਗੀਨਾ ਮੰਡਲ ਵੱਲੋਂ ਪ੍ਰਾਪਤ ਕੀਤਾ ਗਿਆ. ਸ੍ਰੀਮਮਤੀ ਹੀਰਾ ਮੰਡਲ ਨੇ ਦੱਸਿਆ ਕਿ ਦਫਤਰ ਦੇ ਸਮਾਵਧ ਕਾਰਜਪ੍ਰਣਾਲੀ, ਸਖਤ ਮਨੀਟਰਿੰਗ ਅਤੇ ਚੰਗੀ ਪਰਬਨ ਵਿਵਸਥਾ ਵਿਚ ਚੰਗੀ ਕਾਰਗੁਜਾਰੀ ਲਈ ਮਿਲ ਸਕਿਆ ਹੈ. ਉਨ੍ਹਾਂ ਦੇ ਨਿਰਦੇਸ਼ਾਂ ਦੀ ਇਨਬਿਨ ਪਾਲਣਾ ਦੇ ਜੁੜੇ ਮਾਮਲੇ ਨੂੰ ਤੇਜੀ ਨਾਲ ਨਿਪਟਾਇਆ ਗਿਆ. ਸਮਾਰੋਹ ਵਿਚ ਸਰਵਸ੍ਰੇਸ਼ਠ ਕਰਮਚਾਰੀ ਉੱਚ ਸਮਾਜਿਕ ਸੁਖਮਨੀ ਦਾ ਸਹਾਇਕ ਸ੍ਰੀ ਮਰਤਪਜੀਆ ਚੌਧਰੀ ਨੂੰ ਵੀ ਵਿਸ਼ੇਸ਼ ਰੂਪ ਨਾਲ ਸਨਮਾਨਿਤ ਕੀਤਾ ਗਿਆ. ਉਨ੍ਹਾਂ ਦੀ ਆਪਣੇ ਕਾਰਜ ਪ੍ਰਤੀ ਸਮਰਪਨ ਅਤੇ ਚੰਗੀ ਕਾਰਜਵਿਧੀ ਦੀ ਪ੍ਰਸੰਸਾ ਕੀਤੀ ਗਈ. ਇਸ ਮੌਕੇ ਤੇ ਸ੍ਰੀਮਤੀ ਗੀਨਾ ਮੰਡਲ ਨੇ ਦਫਤਰ ਦੇ ਸਾਰੇ ਅਧਿਕਾਰੀ ਵਾ ਕਰਮਚਾਰੀਆਂ ਦੀ ਸਮੂਹਿਕ ਭਾਗੀਦਾਰੀ ਅਤੇ ਸਖਤ ਮਿਹਨਤ ਦੀ ਪ੍ਰਸੰਸਾ ਕੀਤੀ ਗਈ. ਉਨ੍ਹਾਂ ਨੇ ਕਰਮਚਾਰੀ ਨੂੰ ਭਵਿੱਖ ਵਿਚ ਵੀ ਮਿਹਨਤ ਤੇ ਚੰਗੀ ਲਗਨ ਨਾਲ ਕਾਰਜ ਕਰਨ ਦੀ ਆਸ ਨਾਲ ਸਾਰਿਆਂ ਨੂੰ ਕਟਿ:.ਕੋਟਿ ਧੰਨਵਾਦ ਕਰਦੇ ਹੋਏ ਚੰਗੀ ਲਗਨ ਅਤੇ ਸਮੇਂ ਸੀਮਾ ਵਿਚ ਕੰਮ ਕਰਨ ਦੀ ਆਸ ਪ੍ਰਗਟ ਕੀਤੀ ਅਤੇ ਸਾਰਿਆਂ ਦਾ ਧੰਨਵਾਦ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ : +447458381111 +447976210161 +919729091243

ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ

# ਖ਼ਾਲਸਾਈ ਜਾਹੋ-ਜਲਾਲ ਨਾਲ ਖ਼ਾਲਸਾ ਵਹੀਰ ਦੀ ਹੋਈ ਆਰੰਭਤਾ



**ਅੰਮ੍ਰਿਤਸਰ, 25 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਖ਼ਾਲਸਾਈ ਜਾਹੋ-ਜਲਾਲ ਦੇ ਨਾਲ ਖ਼ਾਲਸਾ ਵਹੀਰ ਦੀ ਆਰੰਭਤਾ ਹੋਈ। ਇਸ ਮੌਕੇ ਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਖ਼ਾਲਸਾ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਦੇ ਨਾਲ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖ਼ਾਲਸਾ, ਮਾਤਾ ਬਲਵਿੰਦਰ ਕੌਰ, ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਪਰਮਜੀਤ ਸਿੰਘ ਜੌਹਲ, ਭਾਈ ਜਸਕਰਨ ਸਿੰਘ ਕਾਹਨਸਿੰਘ ਵਾਲਾ, ਭਾਈ ਮਨਦੀਪ ਸਿੰਘ ਸਿੱਧੂ, ਬਾਬੂ ਸਿੰਘ ਬਰਾੜ, ਸ੍ਰ ਕਾਬਲ ਸਿੰਘ, ਚਾਚਾ ਪ੍ਰਗਟ ਸਿੰਘ, ਚਾਚਾ ਸੁਖਚੈਨ ਸਿੰਘ, ਸਰਬਜੀਤ ਸਿੰਘ ਸੋਹਲ, ਸਰਬਜੀਤ ਸਿੰਘ ਖ਼ਾਨਪੁਰ, ਅਜੇਪਾਲ ਸਿੰਘ ਢਿਲੋਂ, ਅਮਨਦੀਪ ਸਿੰਘ ਡੱਡੂਆਣਾਂ, ਪ੍ਰਗਟ ਸਿੰਘ ਮੀਆਂਵਿੰਡ, ਸ਼ਮਸ਼ੇਰ ਸਿੰਘ ਪੱਧਰੀ, ਜੁਗਰਾਜ ਸਿੰਘ ਲਾਲਾਨੰਗਲ, ਸ੍ਰ ਪ੍ਰਿਥੀਪਾਲ ਸਿੰਘ, ਭਾਈ ਚਮਕੌਰ ਸਿੰਘ ਧੂੰਨ, ਜਸਵਿੰਦਰ ਸਿੰਘ ਡਰੌਲੀ, ਸੁਰਿੰਦਰਪਾਲ ਸਿੰਘ ਤਾਲਿਬਪੁਰਾ, ਜਸਕਰਨ ਸਿੰਘ ਰਿਆੜ, ਚਰਨਜੀਤ ਸਿੰਘ ਗਾਲਿਬ, ਪਲਵਿੰਦਰ ਸਿੰਘ ਜੱਲ੍ਹੂਪੁਰ, ਬਲਦੇਵ ਸਿੰਘ ਜੱਲ੍ਹੂਪੁਰ, ਪਵਿੱਤਰ ਸਿੰਘ, ਸਵਰਨ ਸਿੰਘ ਗੋਲਡਨ, ਬਲਜੀਤ ਸਿੰਘ ਚਾਟੀਵਿੰਡ, ਨਿਰਵੈਰ ਸਿੰਘ ਮੋਗਾ, ਸਰਪੰਚ ਹਰਜਿੰਦਰ ਸਿੰਘ, ਦਲਜੀਤ ਸਿੰਘ ਮਿਆਦੀਆਂ, ਪ੍ਰਕਾਸ਼ ਸਿੰਘ ਬਾਦਲ, ਜੁਗਰਾਜ ਸਿੰਘ ਭੰਗਵਾਂ, ਕਰਨਵੀਰ ਸਿੰਘ, ਨਾਥਵਿੰਦਰ ਸਿੰਘ, ਸਤਨਾਮ ਸਿੰਘ, ਜਗਰੂਪ ਸਿੰਘ, ਮਨਰੂਪ ਸਿੰਘ, ਸੰਦੀਪ ਸਿੰਘ ਰੁਪਾਲੋਂ, ਸੁਖਬੀਰ ਸਿੰਘ ਵਲਟੋਹਾ, ਦਲਜੀਤ ਸਿੰਘ ਜਵੰਦਾ, ਗੁਰਮਿੰਦਰ ਸਿੰਘ ਚਾਵਲਾ, ਮਨਜਿੰਦਰ ਸਿੰਘ ਕਲੇਰ, ਗੁਰਲਾਲ ਸਿੰਘ ਸਖੀਰਾ, ਚਾਚਾ ਕੁਲਵੰਤ ਸਿੰਘ, ਸੁਖਬੀਰ ਸਿੰਘ ਚੀਮਾ, ਕੁਲਵਿੰਦਰ ਸਿੰਘ ਵਡਾਲੀ, ਮਹਿੰਦਰਪਾਲ ਸਿੰਘ ਤੁੰਗ ਤੋਂ ਇਲਾਵਾ ਅਕਾਲੀ ਦਲ ਪੁਨਰਸੁਰਜੀਤ ਤੋਂ ਮਨਪ੍ਰੀਤ ਸਿੰਘ ਇਆਲੀ ਤੇ ਹੋਰ ਵੱਖ-ਵੱਖ ਸਿਆਸੀ ਤੇ ਧਾਰਮਿਕ ਜਥੇਬੰਦੀਆ ਦੇ ਆਗੂ ਵੱਡੀ ਗਿਣਤੀ ਵਿੱਚ ਮੌਜੂਦ ਸਨ। ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਸ਼ੁਰੂ ਕੀਤੀ ਖ਼ਾਲਸਾ ਵਹੀਰ ਪੂਰਨ ਧਾਰਮਿਕ ਸੀ ਜਿਸ ਵਿੱਚ ਸਭ ਅੱਗੇ ਨਗਾਰਾ, ਉਸਤੋਂ ਮਗਰ ਪੰਜ ਪਿਆਰੇ ਸਾਹਿਬਾਨ, ਉਸਤੋਂ ਮਗਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਅਤੇ ਮਗਰ ਸੈਕੜਿਆਂ ਗਿਣਤੀ ਵਿੱਚ ਲੰਮਾਂ ਕਾਰਾਂ ਦਾ ਕਾਫ਼ਲਾ ਮੌਜੂਦ ਸੀ। ਸ੍ਰੀ ਦਰਬਾਰ ਸਾਹਿਬ ਤੋਂ ਲੈਕੇ ਅੰਮ੍ਰਿਤਸਰ ਗੋਲਡਨ ਗੇਟ ਤੱਕ ਸਾਰਾ ਰਸਤਾ "ਬੋਲੇ ਸੋ ਨਿਹਾਲ" ਤੇ "ਰਾਜ ਕਰੇਗਾ ਖ਼ਾਲਸਾ" ਦੇ ਜੈਕਾਰਿਆਂ ਨਾਲ ਮਾਹੌਲ ਗੂੰਜ ਉਠਿਆ ਅਤੇ ਖ਼ਾਲਸਾਈ ਰੰਗ ਵਿੱਚ ਰੰਗਿਆ ਗਿਆ। ਇਸ ਮੌਕੇ ਤੇ ਬਾਪੂ ਤਰਸੇਮ ਸਿੰਘ ਜੀ ਨੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ਤੇ ਚੱਲ ਕੇ ਹੀ ਪੰਜਾਬ ਦੀ ਨੌਜਵਾਨੀ ਅਤੇ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੀ ਨੌਜਵਾਨੀ ਨਸ਼ਿਆਂ, ਬੇਰੁਜ਼ਗਾਰੀ ਅਤੇ ਪਰਵਾਸ ਦੇ ਹਮਲਿਆਂ ਦਾ ਸ਼ਿਕਾਰ ਬਣ ਰਹੀ ਹੈ। ਇਸ ਹਾਲਾਤ ਵਿੱਚ ਖ਼ਾਲਸਾ ਵਹੀਰ ਦਾ ਮਕਸਦ ਨੌਜਵਾਨਾਂ ਨੂੰ ਗੁਰਬਾਣੀ, ਗੁਰਮਤਿ ਅਤੇ ਖ਼ਾਲਸਾਈ ਜੀਵਨ ਸ਼ੈਲੀ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਸਾਨੂੰ ਰਾਜਨੀਤਿਕ ਚਾਲਾਂ ਜਾਂ ਖਾਲੀ ਵਾਅਦਿਆਂ ਦੀ ਨਹੀਂ, ਸਗੋਂ ਗੁਰੂ ਦੀ ਰਹਿਣੀ-ਬਹਿਣੀ ਅਤੇ ਅਮਲ ਦੀ ਲੋੜ ਹੈ। ਜੇਕਰ ਨੌਜਵਾਨ ਗੁਰੂ ਦੇ ਸਿਧਾਂਤਾਂ ਨੂੰ ਅਪਨਾਉਣਗੇ ਤਾਂ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਦਾ ਖ਼ਾਤਮਾ ਆਪਣੇ ਆਪ ਹੋ ਜਾਵੇਗਾ। ਖ਼ਾਲਸਾ ਵਹੀਰ ਦੌਰਾਨ ਪੰਜਾਬ ਦੇ ਪਾਣੀਆਂ ਦੀ ਲੁੱਟ, ਧਾਰਮਿਕ ਅਸਥਾਨਾਂ ਦੀ ਅਜ਼ਾਦੀ, ਕਿਸਾਨੀ ਸੰਕਟ ਅਤੇ ਨੌਜਵਾਨੀ ਦੇ ਭਵਿੱਖ ਵਰਗੇ ਮੁੱਦਿਆਂ ਤੇ ਵੱਡੇ ਟਰਾਲੇ ਅਤੇ ਟਰਾਲੀਆਂ ਤੇ ਹੋਲਿਡਿੰਗਾਂ ਲਗਾ ਕੇ ਪ੍ਰਦਰਸ਼ਨੀ ਕੀਤੀ ਗਈ। ਪਾਰਟੀ ਆਗੂਆਂ ਨੇ ਕਿਹਾ ਕਿ ਇਹ ਵਹੀਰ ਕੇਵਲ ਇਕ ਪ੍ਰੋਗਰਾਮ ਨਹੀਂ, ਸਗੋਂ ਪੰਜਾਬ ਦੀ ਆਤਮਕ ਅਤੇ ਸਮਾਜਿਕ ਪੁਨਰਜਾਗਰਤੀ ਦੀ ਸ਼ੁਰੂਆਤ ਹੈ। ਅਖੀਰ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਖ਼ਾਲਸਾ ਵਹੀਰ ਨਾਲ ਜੁੜ ਕੇ ਪੰਜਾਬ ਦੀ ਚੜ੍ਹਦੀ ਕਲਾ ਅਤੇ ਨੌਜਵਾਨੀ ਦੇ ਭਵਿੱਖ ਲਈ ਆਪਣਾ ਯੋਗਦਾਨ ਪਾਉਣ।



**ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ਤੇ ਚੱਲ ਕੇ ਹੀ ਪੰਜਾਬ ਦੀ ਨੌਜਵਾਨੀ ਅਤੇ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ : ਬਾਪੂ ਤਰਸੇਮ ਸਿੰਘ**

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਸਰਕਾਰ ਦੀਆਂ ਲੋਕ-ਪੱਖੀ ਸਕੀਮਾਂ ਨੇ ਗਰੀਬਾਂ ਨੂੰ ਦਿੱਤਾ ਵੱਡਾ ਸਹਾਰਾ-ਬਸੰਤ ਕਾਂਝਲਾ



ਧੂਰੀ ( ਰਣਜੀਤ ਸਿੰਘ ਪੇਧਨੀ ) ਮੁੱਖ ਮੰਤਰੀ ਪੰਜਾਬ ਵੱਲੋਂ ਸੂਬੇ ਦੇ ਆਮ ਲੋਕਾਂ ਅਤੇ ਗ.ਰੀਬ ਵਰਗ ਲਈ ਲਗਾਤਾਰ ਕੀਤੇ ਜਾ ਰਹੇ ਲੋਕ-ਪੱਖੀ ਐਲਾਨਾਂ ਕਾਰਨ ਜਨਤਾ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਹਾਲ ਹੀ ਵਿੱਚ ਸਰਕਾਰ ਵੱਲੋਂ 'ਰਸੋਈ ਸਕੀਮ' ਦਾ ਐਲਾਨ ਕੀਤੇ ਜਾਣ ਤੋਂ ਬਾਅਦ ਆਮ ਲੋਕਾਂ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਪ ਟਰੇਡਰਜ਼ ਵਿੰਗ ਦੇ ਸੀਨੀਅਰ ਆਗੂ ਉੱਘੇ ਸਮਾਜ ਸੇਵੀ ਬਸੰਤ ਕਾਂਝਲਾ ਨੇ ਕੀਤਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 10 ਲੱਖ ਰੁਪਏ ਤੱਕ ਦੇ ਮੁ.ਫ਼ਤ ਇਲਾਜ ਦੀ ਸਹੂਲਤ ਲੋਕਾਂ ਲਈ ਵਰਦਾਨ ਸਾਬਤ ਹੋ ਰਹੀ ਹੈ। ਬਹੁਤ ਸਾਰੇ ਅਜਿਹੇ ਲੋਕ ਸਾਹਮਣੇ ਆਏ ਜੋ ਗਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ ਅਤੇ ਪਿਛਲੇ ਦੋ ਸਾਲਾਂ ਤੋਂ ਮਹਿੰਗੇ ਇਲਾਜ ਦੇ ਖ਼ਰਚੇ ਕਾਰਨ ਆਪਣੀ ਬਿਮਾਰੀ ਨੂੰ ਦਬਾਈ ਬੈਠੇ ਸਨ। ਉਹ ਪਿਛਲੇ ਲੰਮੇ ਸਮੇਂ ਤੋਂ ਕਿਸੇ ਅਜਿਹੀ ਸਰਕਾਰੀ ਮਦਦ ਦੀ ਉਡੀਕ ਵਿੱਚ ਸਨ ਜੋ ਉਨ੍ਹਾਂ ਦੇ ਮਹਿੰਗੇ ਆਪਰੇਸ਼ਨ ਜਾਂ ਗੰਭੀਰ ਬਿਮਾਰੀਆਂ ਦਾ ਇਲਾਜ ਕਰਵਾ ਸਕੇ। ਹੁਣ ਸਰਕਾਰ ਵੱਲ ਮੁ.ਫ਼ਤ ਇਲਾਜ ਦੀ ਗਰੰਟੀ ਮਿਲਣ ਤੋਂ ਬਾਅਦ, ਇਹ ਲੋਕ ਵੱਡੇ ਹਸਪਤਾਲਾਂ ਵਿੱਚ ਆਪਣਾ ਇਲਾਜ ਕਰਵਾਉਣ ਲਈ ਅੱਗੇ ਆ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਪਹਿਲਾਂ ਪੈਸੇ ਦੀ ਤੰਗੀ ਕਾਰਨ ਉਹ ਇਲਾਜ ਕਰਵਾਉਣ ਤੋਂ ਅਸਮਰੱਥ ਸਨ, ਪਰ ਮੌਜੂਦਾ ਸਰਕਾਰ ਨੇ ਉਨ੍ਹਾਂ ਦੀ ਸਿਹਤ ਦੀ ਚਿੰਤਾ ਕਰਕੇ ਵੱਡੀ ਜ਼ਿੰਮੇਵਾਰੀ ਨਿਭਾਈ ਹੈ। ਆਮ ਜਨਤਾ ਅਨੁਸਾਰ, ਰਸੋਈ ਸਕੀਮ ਅਤੇ ਮੁ.ਫ਼ਤ ਸਿਹਤ ਸਹੂਲਤਾਂ ਵਰਗੇ ਕਦਮ ਸਿੱਧੇ ਤੌਰ 'ਤੇ ਗ.ਰੀਬਾਂ ਦੀ ਜੇਬ 'ਤੇ ਪੈਣ ਵਾਲਾ ਬੋਝ ਘਟਾ ਰਹੇ ਹਨ। ਲੋਕਾਂ ਨੇ ਉਮੀਦ ਜਤਾਈ ਹੈ ਕਿ ਆਉਣ ਵਾਲੇ ਸਮੇਂ ਵਿੱਚ ਸਰਕਾਰ ਅਜਿਹੀਆਂ ਹੋਰ ਯੋਜਨਾਵਾਂ ਲਿਆਵੇਗੀ ਜੋ ਆਮ ਆਦਮੀ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਿੱਚ ਸਹਾਈ ਹੋਣਗੀਆਂ।

ਆਵਾਜ਼ਿ ਕੌਮ AWAZE QAUM International Newspaper & WEB TV

# ਭਾਵਨਾਵਾਂ ਅਤੇ ਮਾਨਸਿਕ ਸਿਹਤ



ਭਾਵਨਾਵਾਂ ਮਨੁੱਖੀ ਵਿਉਹਾਰ, ਫ਼ੈਸਲਾ ਲੈਣ ਦੀ ਸਮਰੱਥਾ, ਰਿਸ਼ਤਿਆਂ ਅਤੇ ਸਮੁੱਚੀ ਭਲਾਈ ਨੂੰ ਆਕਾਰ ਦੇਣ ਵਾਲੀਆਂ ਮੂਲ ਜੈਵਿਕ ਅਤੇ ਮਨੋਵਿਗਿਆਨਕ ਪ੍ਰਤੀਕ੍ਰਿਆਵਾਂ ਹਨ। ਭਾਵਨਾਵਾਂ ਸਿਰਫ਼ ਅਹਿਸਾਸ ਹੀ ਨਹੀਂ, ਭਾਵਨਾਵਾਂ ਦਿਮਾਗ, ਨਰਵਸ ਸਿਸਟਮ, ਹਾਰਮੋਨਾਂ ਅਤੇ ਰੋਗ-ਰੋਧਕ ਪ੍ਰਣਾਲੀ ਨਾਲ ਜੁੜੀਆਂ ਜਟਿਲ ਪ੍ਰਕਿਰਿਆਵਾਂ ਹਨ। ਆਧੁਨਿਕ ਇਲਾਜ਼ ਪ੍ਰਣਾਲੀ ਦਾ ਵਿਗਿਆਨ ਮੰਨਦਾ ਹੈ ਕਿ ਭਾਵਨਾਤਮਕ ਸਿਹਤ ਮਾਨਸਿਕ ਸਿਹਤ ਦਾ ਕੇਂਦਰੀ ਹਿੱਸਾ ਹੈ ਅਤੇ ਇਹ ਸਰੀਰਕ ਸਿਹਤ ਜਿਤਨੀ ਹੀ ਮਹੱਤਵਪੂਰਨ ਹੈ।

ਭਾਵਨਾਵਾਂ ਕੀ ਹਨ ?

ਭਾਵਨਾਵਾਂ ਅੰਦਰੂਨੀ ਵਿਚਾਰਾਂ ਜਾਂ ਬਾਹਰੀ ਘਟਨਾਵਾਂ ਲਈ ਸੰਯੁਕਤ ਪ੍ਰਤੀਕ੍ਰਿਆਵਾਂ ਹੁੰਦੀਆਂ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

ਨਿੱਜੀ ਅਹਿਸਾਸ (ਜਿਵੇਂ ਖ਼ੁਸ਼ੀ ਜਾਂ ਡਰ)

ਸਰੀਰਕ ਬਦਲਾਅ (ਜਿਵੇਂ ਦਿਲ ਦੀ ਧੜਕਣ ਤੇਜ਼ ਹੋਣਾ)

ਵਿਉਹਾਰਕ ਪ੍ਰਤੀਕ੍ਰਿਆਵਾਂ (ਜਿਵੇਂ ਰੋਣਾ ਜਾਂ ਮੁਸਕਰਾਉਣਾ)

ਮੁੱਢਲੀਆਂ ਮਨੁੱਖੀ ਭਾਵਨਾਵਾਂ ਹਨ:

ਖੁਸ਼ੀ, ਦੁੱਖ, ਡਰ, ਗੁੱਸਾ, ਪਿਆਰ, ਨ.ਫ਼ਰਤ, ਹੈਰਾਨੀ

ਇਹ ਭਾਵਨਾਵਾਂ ਜੀਵਨ ਰੱਖਿਆ ਲਈ ਵਿਕਸਿਤ ਹੋਈਆਂ ਹਨ। ਉਦਾਹਰਨ ਲਈ, ਡਰ ਸਰੀਰ ਨੂੰ ਖ਼ਤਰੇ ਤੋਂ ਬੱਚਣ ਲਈ ਤਿਆਰ ਕਰਦਾ ਹੈ, ਜਦਕਿ ਪਿਆਰ ਨਾਤਿਆਂ ਅਤੇ ਸਮਾਜਿਕ ਸਹਿਯੋਗ ਨੂੰ ਮਜ਼ਬੂਤ ਕਰਦਾ ਹੈ। ਭਾਵਨਾਵਾਂ ਦਾ ਜੈਵਿਕ ਆਧਾਰ-ਭਾਵਨਾਵਾਂ ਮੁੱਖ ਤੌਰ ਤੇ ਦਿਮਾਗ. ਵਿੱਚ ਉਤਪੰਨ ਹੁੰਦੀਆਂ ਹਨ ਅਤੇ ਸਰੀਰ ਨਾਲ ਡੂੰਘਾ ਸੰਬੰਧ ਰੱਖਦੀਆਂ ਹਨ।

ਦਿਮਾਗ. ਦੇ ਕੇਂਦਰ ਦੇ ਮੁੱਖ ਭਾਗ ਇਹ ਹਨ: ਲਿੰਬਿਕ ਸਿਸਟਮ — ਭਾਵਨਾਵਾਂ ਦਾ ਕੇਂਦਰ

ਐਮੀਗਡਾਲਾ — ਡਰ ਅਤੇ ਖਤਰੇ ਦੀ ਪ੍ਰਕਿਰਿਆ

ਹਿਪੋਕੈਂਪਸ — ਭਾਵਨਾਵਾਂ ਨੂੰ ਯਾਦਾਂ ਨਾਲ ਜੋੜਦਾ ਹੈ

ਪ੍ਰੀਫਰੰਟਲ ਕਾਰਟੈਕਸ — ਭਾਵਨਾਤਮਕ ਨਿਯੰਤਰਣ ਅਤੇ ਫ਼ੈਸਲਾ ਲੈਣ ਵਿੱਚ ਮਦਦ ਕਰਦਾ ਹੈ

ਜਦੋਂ ਭਾਵਨਾਵਾਂ ਪੈਦਾ ਹੁੰਦੀਆਂ ਹਨ, ਇਹ ਭਾਗ ਤੇਜ਼ੀ ਨਾਲ ਸੰਚਾਰ ਕਰਦੇ ਹਨ ਅਤੇ ਮਨੋਵਿਗਿਆਨਕ ਅਨੁਭਵ ਅਤੇ ਸਰੀਰਕ ਪ੍ਰਤੀਕ੍ਰਿਆ ਦੋਵੇਂ ਪੈਦਾ ਕਰਦੇ ਹਨ।

ਹਾਰਮੋਨ ਅਤੇ ਨਿਊਰੋਟ੍ਰਾਂਸਮੀਟਰ-ਰਸਾਇਣਕ ਸੰਦੇਸ਼ਵਾਹਕ ਭਾਵਨਾਵਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ:

ਸੈਰੋਟੋਨਿਨ — ਮੂਡ ਅਤੇ ਸੁੱਖ-ਅਹਿਸਾਸ ਨੂੰ ਨਿਯੰਤਰਿਤ ਕਰਦਾ ਹੈ।

ਡੋਪਾਮਿਨ — ਖੁਸ਼ੀ ਅਤੇ ਪ੍ਰੇਰਣਾ ਨਾਲ ਜੁੜਿਆ ਹੋਇਆ ਹੈ।

ਐਡ੍ਰੇਨਾਲਿਨ — ਸਰੀਰ ਨੂੰ ਕਾਰਵਾਈ ਲਈ ਤਿਆਰ ਕਰਦਾ ਹੈ।

ਕਾਰਟੀਸੋਲ — ਮੁੱਖ ਤਣਾਅ ਹਾਰਮੋਨ ਹੈ।

ਆਕਸੀਟੋਸਿਨ — ਭਰੋਸਾ ਅਤੇ ਨਜ਼ਦੀਕੀ ਵਧਾਉਂਦਾ ਹੈ।

ਇਨ੍ਹਾਂ ਵਿੱਚ ਅਸੰਤੁਲਨ ਭਾਵਨਾਤਮਕ ਅਸਥਿਰਤਾ ਪੈਦਾ ਕਰ ਸਕਦਾ ਹੈ।

ਭਾਵਨਾਵਾਂ ਅਤੇ ਮਾਨਸਿਕ ਸਿਹਤ ਦਾ ਸੰਬੰਧ

ਮਾਨਸਿਕ ਸਿਹਤ ਇਸ ਗੱਲ ਨਾਲ ਗਹਿਰਾਈ ਨਾਲ ਪ੍ਰਭਾਵਿਤ ਹੁੰਦੀ ਹੈ ਕਿ ਭਾਵਨਾਵਾਂ ਨੂੰ ਕਿਵੇਂ ਮਹਿਸੂਸ, ਪ੍ਰਗਟ ਅਤੇ ਸੰਭਾਲਿਆ ਜਾਂਦਾ ਹੈ।

ਸਿਹਤਮੰਦ ਭਾਵਨਾਤਮਕ ਕਾਰਗੁਜ਼ਾਰੀ ਵਿੱਚ ਸ਼ਾਮਲ ਹੈ:

ਆਪਣੇ ਅਹਿਸਾਸਾਂ ਨੂੰ ਪਛਾਣਨਾ, ਉਨ੍ਹਾਂ ਨੂੰ ਢੰਗ ਨਾਲ ਪ੍ਰਗਟ ਕਰਨਾ, ਤਣਾਅ ਨਾਲ ਨਜਿੱਠਣਾ, ਭਾਵਨਾਤਮਕ ਸੰਤੁਲਨ ਬਣਾਈ ਰੱਖਣਾ।

ਜਦੋਂ ਇਹ ਪ੍ਰਕਿਰਿਆ ਅਸਫਲ ਹੁੰਦੀ ਹੈ, ਤਾਂ ਮਨੋਵਿਗਿਆਨਕ ਤਕਲੀ.ਫ਼ ਪੈਦਾ ਹੋ ਸਕਦੀ ਹੈ।

ਅਣਸੁਲਝੀਆਂ ਨਕਾਰਾਤਮਕ ਭਾਵਨਾਵਾਂ ਜਿਵੇਂ ਗੁੱਸਾ, ਦੁੱਖ, ਦੋਸ਼ਭਾਵ ਜਾਂ ਡਰ ਕਾਰਨ ਲਗਾਤਾਰ ਤਣਾਅ, ਨੀਂਦ ਦੀ ਸਮੱਸਿਆ, ਧਿਆਨ ਦੀ ਕਮੀ, ਸਮਾਜਿਕ ਦੂਰੀ, ਜੀਵਨ ਦੀ ਗੁਣਵੱਤਾ ਘਟਣਾ, ਲੰਬੇ ਸਮੇਂ ਵਿੱਚ ਇਹ ਮਾਨਸਿਕ ਬਿਮਾਰੀਆਂ ਵਿੱਚ ਬਦਲ ਸਕਦੀਆਂ ਹਨ।

ਭਾਵਨਾਵਾਂ ਨੂੰ ਸੰਭਾਲਣਾ ਕਿਉਂ ਜ਼ਰੂਰੀ ਹੈ ?

ਭਾਵਨਾਵਾਂ ਬਹੁਤ ਸ਼ਕਤੀਸ਼ਾਲੀ ਹੁੰਦੀਆਂ ਹਨ। ਉਨ੍ਹਾਂ ਨੂੰ ਦਬਾਉਣਾ ਜਾਂ ਗਲਤ ਤਰੀਕੇ ਨਾਲ ਸੰਭਾਲਣਾ ਮਨ ਅਤੇ ਸਰੀਰ ਦੋਵਾਂ ਲਈ ਹਾਨੀਕਾਰਕ ਹੈ।

ਸਰੀਰਕ ਸਿਹਤ ਤੇ ਪ੍ਰਭਾਵ-ਲਗਾਤਾਰ ਨਕਾਰਾਤਮਕ ਭਾਵਨਾਵਾਂ ਤਣਾਅ ਪ੍ਰਣਾਲੀ ਨੂੰ ਸਰਗਰਮ ਰੱਖਦੀਆਂ ਹਨ। ਕਾਰਟੀਸੋਲ ਦੇ ਵੱਧ ਪੱਧਰ ਕਾਰਨ:

ਉੱਚ ਖੂਨ ਦਬਾਅ, ਰੋਗ-ਰੋਧਕ ਸ਼ਕਤੀ ਘਟਣਾ, ਪਾਚਣ ਸਮੱਸਿਆਵਾਂ, ਦਿਲ ਦੀਆਂ ਬਿਮਾਰੀਆਂ, ਲੰਬੇ ਸਮੇਂ ਦੀ ਸੋਜ਼, ਰਿਸ਼ਤਿਆਂ ਤੇ ਪ੍ਰਭਾਵ

ਖਰਾਬ ਭਾਵਨਾਤਮਕ ਨਿਯੰਤਰਣ ਕਾਰਨ: ਟਕਰਾਵ, ਗਲਤਫਹਿਮੀਆਂ, ਸਮਾਜਿਕ ਇਕਾਂਤ, ਸਹਾਇਤਾ ਪ੍ਰਣਾਲੀ ਦਾ ਨੁਕਸਾਨ, ਸਿਹਤਮੰਦ ਭਾਵਨਾਤਮਕ ਪ੍ਰਗਟਾਵਾ ਰਿਸ਼ਤਿਆਂ ਨੂੰ ਮਜ਼ਬੂਤ ਕਰਦਾ ਹੈ।,ਗਲਤ ਨਿਪਟਾਰਾ ਤਰੀਕੇ ਦਾ ਖ਼ਤਰਾ ਜੋ ਲੋਕ ਭਾਵਨਾਵਾਂ ਨੂੰ ਸੰਭਾਲ ਨਹੀਂ ਸਕਦੇ, ਉਹ ਜ਼ਿੰਦਗੀ ਵਿੱਚ ਗ.ਲਤ ਤਰੀਕੇ ਅਪਣਾ ਸਕਦੇ ਹਨ:

ਨਸ਼ਾ, ਜ਼ਿਆਦਾ ਜਾਂ ਘੱਟ ਖਾਣਾ, ਖ਼ੁਦ ਨੂੰ ਨੁਕਸਾਨ ਪਹੁੰਚਾਉਣਾ ਅਤੇ ਗੁੱਸੇਖੋਰੀ।

ਕੀ ਡਿਪ੍ਰੈਸ਼ਨ ਅਤੇ ਚਿੰਤਾ ਭਾਵਨਾਵਾਂ ਨਾਲ ਜੁੜੇ ਹਨ ?

ਹਾਂ। ਇਹ ਦੋਵੇਂ ਭਾਵਨਾਤਮਕ ਅਸੰਤੁਲਨ ਨਾਲ ਡੂੰਘਾ ਸੰਬੰਧ ਰੱਖਦੇ ਹਨ।

ਡਿਪ੍ਰੈਸ਼ਨ-ਲੰਬੇ ਸਮੇਂ ਤੱਕ ਰਹਿਣ ਵਾਲਾ ਦੁੱਖ ਅਤੇ ਰੁਚੀ ਦੀ ਕਮੀ ਇਸ ਦੀ ਵਿਸ਼ੇਸ਼ਤਾ ਹੈ।

ਲੱਛਣ: ਨਿਰਾਸ਼ਾ, ਨਿਕੰਮੇਪਨ ਦੀ ਭਾਵਨਾ, ਭਾਵਨਾਤਮਕ ਦਰਦ, ਖੁਸ਼ੀ ਦੀ ਕਮੀ, ਦੋਸ਼ਭਾਵ।

ਇਹ ਸੈਰੋਟੋਨਿਨ, ਡੋਪਾਮਿਨ ਅਤੇ ਤਣਾਅ ਹਾਰਮੋਨਾਂ ਦੇ ਅਸੰਤੁਲਨ ਨਾਲ ਜੁੜਿਆ ਹੁੰਦਾ ਹੈ।

ਚਿੰਤਾ (ਐਂਜ਼ਾਇਟੀ)- ਅਸਲ ਖਤਰੇ ਤੋਂ ਵੱਧ ਡਰ ਅਤੇ ਚਿੰਤਾ।

ਲੱਛਣ: ਲਗਾਤਾਰ ਘਬਰਾਹਟ, ਚਿੜਚਿੜਾਪਣ, ਬੇਚੈਨੀ, ਡਰ, ਆਰਾਮ ਕਰਨ ਵਿੱਚ ਮੁਸ਼ਕਲ

ਇਸ ਵਿੱਚ ਸਰੀਰ ਦੀ ਲੜੋ ਜਾਂ ਭੱਜੋ ਪ੍ਰਤੀਕ੍ਰਿਆ ਬਿਨਾਂ ਖ਼ਤਰੇ ਦੇ ਵੀ ਚਾਲੂ ਰਹਿੰਦੀ ਹੈ।

ਭਾਵਨਾਤਮਕ ਚੱਕਰ-ਨਕਾਰਾਤਮਕ ਭਾਵਨਾਵਾਂ ? ਤਣਾਅ ? ਜੈਵਿਕ ਬਦਲਾਅ ? ਗਲਤ ਸੋਚ ? ਹੋਰ ਨਕਾਰਾਤਮਕ ਭਾਵਨਾਵਾਂ

ਸਿਹਤਮੰਦ ਭਾਵਨਾਤਮਕ ਨਿਯੰਤਰਣ

ਖੋਜ ਅਨੁਸਾਰ: ਜਾਗਰੂਕਤਾ-ਭਾਵਨਾਵਾਂ ਨੂੰ ਪਛਾਣਨਾ ਅਤੇ ਨਾਮ ਦੇਣਾ ਉਨ੍ਹਾਂ ਦੀ ਤੀਬਰਤਾ ਘਟਾਉਂਦਾ ਹੈ। ਪ੍ਰਗਟਾਵਾ-ਗੱਲਬਾਤ, ਲਿਖਣ, ਕਲਾ ਜਾਂ ਅਰਦਾਸ ਰਾਹੀਂ ਪ੍ਰਗਟਾਵਾ ਤਣਾਅ ਘਟਾਉਂਦਾ ਹੈ।

ਸੋਚ ਵਿੱਚ ਬਦਲਾਅ-ਨਕਾਰਾਤਮਕ ਵਿਚਾਰਾਂ ਨੂੰ ਨਵੇਂ ਤਰੀਕੇ ਨਾਲ ਦੇਖਣਾ ਭਾਵਨਾਵਾਂ ਬਦਲ ਸਕਦਾ ਹੈ।

ਸਮਾਜਿਕ ਸਹਾਇਤਾ-ਪਰਿਵਾਰ ਅਤੇ ਦੋਸਤ ਤਣਾਅ ਤੋਂ ਬਚਾਉਂਦੇ ਹਨ।

ਜੀਵਨ ਸ਼ੈਲੀ-ਪੂਰੀ ਨੀਂਦ, ਕਸਰਤ ਅਤੇ ਸੰਤੁਲਿਤ ਭੋਜਨ ਦਿਮਾਗੀ ਰਸਾਇਣ ਨੂੰ ਸੰਤੁਲਿਤ ਕਰਦੇ ਹਨ।

ਸਕਾਰਾਤਮਕ ਭਾਵਨਾਵਾਂ ਦੀ ਭੂਮਿਕਾ

ਸਕਾਰਾਤਮਕ ਭਾਵਨਾਵਾਂ: ਤਣਾਅ ਹਾਰਮੋਨ ਘਟਾਉਂਦੀਆਂ ਹਨ।

ਰੋਗ-ਰੋਧਕ ਸ਼ਕਤੀ ਵਧਾਉਂਦੀਆਂ ਹਨ।

ਦਿਲ ਦੀ ਸਿਹਤ ਸੁਧਾਰਦੀਆਂ ਹਨ।

ਸਮੱਸਿਆ ਹੱਲ ਕਰਨ ਦੀ ਸਮਰੱਥਾ ਵਧਾਉਂਦੀਆਂ ਹਨ।

ਲੰਬੀ ਉਮਰ ਨਾਲ ਜੁੜੀਆਂ ਹਨ।

ਤਰਸ ਅਤੇ ਆਸ਼ਾਵਾਦ ਖਾਸ ਤੌਰ ਤੇ ਲਾਭਕਾਰੀ ਹਨ।

ਭਾਵਨਾਵਾਂ ਦੀ ਅਣਦੇਖੀ ਦੇ ਨਤੀਜੇ

ਅਣਗਹਿਲੀ ਕਾਰਨ: ਡਿਪ੍ਰੈਸ਼ਨ, ਚਿੰਤਾ ਰੋਗ

ਬਰਨਆਊਟ, ਮਨ-ਸਰੀਰਕ ਬਿਮਾਰੀਆਂ, ਆਤਮਹੱਤਿਆ ਦਾ ਵੱਧ ਖਤਰਾ, ਸਮਾਜਿਕ ਸਿਹਤ ਲਈ ਭਾਵਨਾਤਮਕ ਭਲਾਈ ਬਹੁਤ ਜ਼ਰੂਰੀ ਹੈ। ਭਾਵਨਾਵਾਂ ਮਨੁੱਖੀ ਜੀਵਨ ਦਾ ਕੇਂਦਰ ਹਨ। ਇਹ ਵਿਚਾਰਾਂ, ਵਿਉਹਾਰ, ਸਰੀਰਕ ਸਿਹਤ ਅਤੇ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਦੀਆਂ ਹਨ। ਸਹੀ ਭਾਵਨਾਤਮਕ ਸੰਭਾਲ ਮਾਨਸਿਕ ਸਿਹਤ ਲਈ ਅਤਿਅੰਤ ਜ਼ਰੂਰੀ ਹੈ, ਜਦਕਿ ਲਗਾਤਾਰ ਨਕਾਰਾਤਮਕ ਭਾਵਨਾਵਾਂ ਡਿਪ੍ਰੈਸ਼ਨ ਅਤੇ ਚਿੰਤਾ ਵਰਗੀਆਂ ਬਿਮਾਰੀਆਂ ਦਾ ਕਾਰਨ ਬਣ ਸਕਦੀਆਂ ਹਨ। ਭਾਵਨਾਵਾਂ ਨੂੰ ਸੰਭਾਲਣਾ ਕਮਜ਼ੋਰੀ ਨਹੀਂ, ਸਗੋਂ ਵਿਗਿਆਨਕ ਲੋੜ ਹੈ। ਜਾਗਰੂਕਤਾ, ਸਿਹਤਮੰਦ ਪ੍ਰਗਟਾਵਾ ਅਤੇ ਮਜ਼ਬੂਤ ਰਿਸ਼ਤੇ ਮਨੁੱਖ ਨੂੰ ਸੰਤੁਲਿਤ ਅਤੇ ਸੰਤੁਸ਼ਟ ਜੀਵਨ ਵੱਲ ਲੈ ਜਾਂਦੇ ਹਨ।

**-ਡਾ. ਸੁਰਿੰਦਰਪਾਲ ਸਿੰਘ, ਵਿਗਿਆਨ ਅਧਿਆਪਕ ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।**

ਆਵਾਜ਼ਿ ਕੌਮ AWAZE QAUM International Newspaper & WEB TV

### ਡੇਰਾ ਬਾਬਾ ਸੰਧਿਆ ਦਾਸ ਜੀ ਦੇ ਅਸਥਾਨਾਂ 'ਤੇ

# 25ਵੇਂ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮਾਗਮ ਸੰਪੰਨ







**ਤਲਵੰਡੀ ਸਾਬੋ, 25 ਫਰਵਰੀ (ਗੁਰਜੰਟ ਸਿੰਘ ਨਥੇਹਾ)**- ਡੇਰਾ ਬਾਬਾ ਸੰਧਿਆ ਦਾਸ ਜੀ ਦੇ ਅਸਥਾਨਾਂ 'ਤੇ ਲੋਹੜੀ ਦੇ ਪਵਿੱਤਰ ਮੌਕੇ ਤੋਂ ਸ਼ੁਰੂ ਹੋਈ ਸ਼੍ਰੀ ਅਖੰਡ ਪਾਠਾਂ ਦੀ ਲੜੀ ਤਹਿਤ ਅੱਜ 25ਵੇਂ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸ਼ਰਧਾ ਅਤੇ ਭਾਵਨਾ ਨਾਲ ਪਾਏ ਗਏ। ਇਸ ਧਾਰਮਿਕ ਸਮਾਗਮ ਵਿੱਚ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਵਿੱਚ ਸ਼ਿਰਕਤ ਕੀਤੀ। ਭੋਗ ਮੌਕੇ ਸੰਤ ਸੇਵਕ ਜਥਾ ਬੁੰਗਾ ਮਸਤੂਆਣਾ ਸਾਹਿਬ ਤੋਂ ਪਹੁੰਚੇ ਬਾਬਾ ਅਵਤਾਰ ਸਿੰਘ ਜੀ ਦੇ ਕੀਰਤਨੀ ਜਥੇ ਨੇ ਰਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰ ਇਤਿਹਾਸ ਸਰਵਣ ਕਰਵਾਇਆ। ਉਨ੍ਹਾਂ ਨੇ ਆਪਣੇ ਉਪਦੇਸ਼ਾਂ ਵਿੱਚ ਨਾਮ ਜਪਣ, ਬਾਣੀ ਨਾਲ ਜੁੜਨ, ਪਰਮਾਤਮਾ ਦੀ ਬੰਦਗੀ ਕਰਨ ਅਤੇ ਇਮਾਨਦਾਰੀ ਨਾਲ ਕਿਰਤ ਕਰਨ ਦਾ ਸੁਨੇਹਾ ਦਿੱਤਾ। ਕੀਰਤਨ ਦੌਰਾਨ ਸੰਗਤਾਂ ਗੁਰਬਾਣੀ ਰਸ ਵਿੱਚ ਲੀਨ ਰਹੀਆਂ ਅਤੇ ਪੂਰਾ ਮਾਹੌਲ ਭਗਤੀ ਰੰਗ ਵਿੱਚ ਰੰਗਿਆ ਹੋਇਆ ਨਜ਼ਰ ਆਇਆ। ਸਮਾਗਮ ਦੀ ਸਮਾਪਤੀ ਮੌਕੇ ਡੇਰਾ ਬਾਬਾ ਸੰਧਿਆ ਦਾਸ ਜੀ ਦੇ ਪ੍ਰਮੁੱਖ ਸੰਤ ਬਾਬਾ ਹਰਬੰਸ ਦਾਸ ਜੀ ਨੇ ਹਾਜ਼ਰ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਹੜੀ ਦੇ ਮੌਕੇ ਤੋਂ ਲਗਾਤਾਰ ਚੱਲ ਰਹੀ ਅਖੰਡ ਪਾਠਾਂ ਦੀ ਲੜੀ ਦਾ ਮਕਸਦ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਾ ਅਤੇ ਆਤਮਕ ਚੇਤਨਾ ਨੂੰ ਮਜ਼ਬੂਤ ਕਰਨਾ ਹੈ। ਉਨ੍ਹਾਂ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਮਾਜ ਵਿੱਚ ਏਕਤਾ, ਭਾਈਚਾਰੇ ਅਤੇ ਸਦਭਾਵਨਾ ਨੂੰ ਮਜ਼ਬੂਤ ਕਰਦੇ ਹਨ।ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ, ਜਿਸ ਵਿੱਚ ਸੰਗਤਾਂ ਨੇ ਸ਼ਰਧਾ ਨਾਲ ਭਾਗ ਲਿਆ। ਪ੍ਰਬੰਧਕ ਕਮੇਟੀ ਵੱਲੋਂ ਸਮਾਗਮ ਦੀ ਸਫਲਤਾ ਲਈ ਸੇਵਾਦਾਰਾਂ ਦੇ ਯੋਗਦਾਨ ਦੀ ਭਰਪੂਰ ਸਰਾਹਨਾ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਅਮਰਜੀਤ ਸਿੰਘ, ਬਾਦਲ ਸਿੰਘ, ਬਾਬਾ ਅੰਮ੍ਰਿਤਪਾਲ ਸਿੰਘ, ਕੁਲਵਿੰਦਰ ਸਿੰਘ, ਜੱਗਾ ਸਿੰਘ ਪ੍ਰਧਾਨ ਚੜਦੀਕਲਾ ਵੈਲਫੇਅਰ ਕਲੱਬ, ਜਸਵਿੰਦਰ ਸਿੰਘ ਜੈਲਦਾਰ, ਬਿੱਕਰ ਸਿੰਘ ਮਿਸਤਰੀ, ਜਗਸੀਰ ਸਿੰਘ ਚੌਹਾਨ, ਨਛੱਤਰ ਸਿੰਘ ਚੌਧਰੀ, ਮੰਦਰ ਸਿੰਘ ਪ੍ਰਧਾਨ, ਤਾਰ ਗੰਡੇ ਕਾ, ਗੋਲੂ ਮੇਜਰ ਕਾ, ਜੱਗਾ ਸਿੰਘ, ਡਾਕਟਰ ਰੇਸ਼ਮ ਸਿੰਘ, ਪਾਲ ਚਹਿਲ, ਦਰਸ਼ਨ ਸਿੰਘ ਮੈਂਬਰ, ਭਿੰਡਰ ਸਿੰਘ, ਗੁਰਮੇਲ ਸਿੰਘ, ਬੂਟਾ ਗੰਡੇ ਕਾ, ਜਸਵੀਰ ਸਿੱਧੂ, ਆਤਮਾ ਬਹਿਣੀਵਾਲ, ਚਰਨਾ ਗਿੱਲ, ਬਿੰਦਰ ਸਿੰਘ ਆਦਿ ਨੇ ਸੇਵਾਵਾਂ ਨਿਭਾਈਆਂ।

ਆਵਾਜ਼ਿ ਕੌਮ AWAZE QAUM International Newspaper & WEB TV

### ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਭਾਰਤ ਦੀ ਅਨੇਕਤਾ ਵਿੱਚ ਏਕਤਾ ਨੂੰ ਦਰਸਾਉਂਦਾ

# ਰੰਗਾਰੰਗ ਸਮਾਰੋਹ 'ਕਲਚਰ ਵਾਕ-2026' ਆਯੋਜਿਤ










ਤਲਵੰਡੀ ਸਾਬੋ, 25 ਫਰਵਰੀ (ਗੁਰਜੰਟ ਸਿੰਘ ਨਥੇਹਾ)– ਗੁਰੂ ਕਾਸ਼ੀ ਯੂਨੀਵਰਸਿਟੀ ਦੇ ਡਾਇਰੈਕਟਰ ਸੱਭਿਆਚਾਰ ਤੇ ਯੁਵਾ ਮਾਮਲਿਆਂ ਵੱਲੋਂ ਭਾਰਤ ਦੀ ਅਨੇਕਤਾ ਵਿੱਚ ਏਕਤਾ ਨੂੰ ਦਰਸਾਉਂਦਾ ਰੰਗਾਰੰਗ ਪ੍ਰੋਗਰਾਮ "ਕਲਚਰ ਵਾਕ– 2026" ਦਾ ਆਯੋਜਨ ਕੀਤਾ ਗਿਆ। ਜਿਸ ਦਾ ਆਗਾਜ਼ ਮੁੱਖ ਮਹਿਮਾਨ ਪਰੋ. ਵਾਈਸ ਚਾਂਸਲਰ ਪ੍ਰੋ.( ਡਾ.) ਜਗਤਾਰ ਸਿੰਘ ਧੀਮਾਨ ਨੇ ਕੀਤਾ।ਇਸ ਮੌਕੇ ਡੀਨ ਅਕਾਦਮਿਕ ਡਾ. ਜਾਵੇਦ ਅਹਿਮਦ ਖਾਨ, ਡਾਇਰੈਕਟਰ ਵਿਦਿਆਰਥੀ ਭਲਾਈ ਸਰਦੂਲ ਸਿੰਘ ਸਿੱਧੂ, ਵੱਖ–ਵੱਖ ਫੈਕਲਟੀਆਂ ਦੇ ਡੀਨ, ਅਧਿਆਪਕ ਤੇ 350 ਤੋਂ ਵੱਧ ਵਿਦਿਆਰਥੀ ਹਾਜ਼ਰ ਹੋਏ।ਇਸ ਮੌਕੇ ਮੁੱਖ ਮਹਿਮਾਨ ਡਾ. ਧੀਮਾਨ ਨੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਨੇ ਆਪਣੇ ਹੁਨਰ ਰਾਹੀਂ ਸਾਰੇ ਭਾਰਤ ਦੇ ਸੱਭਿਆਚਾਰ ਦੀ ਤਸਵੀਰ ਨੂੰ ਮੰਚ ਤੇ ਬਾਖੂਬੀ ਪੇਸ਼ ਕੀਤੀ ਹੈ, ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦਾ ਇਹ ਮੰਚ ਭਾਰਤ ਦੀ ਅਨੇਕਤਾ ਵਿੱਚ ਏਕਤਾ ਦੀ ਤਸਵੀਰ ਪੇਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਸਮਾਰੋਹ ਰਾਹੀਂ ਫੈਸ਼ਨ, ਸੰਗੀਤ, ਡਿਜ਼ਾਇਨਿੰਗ, ਬਰਾਂਡਿੰਗ ਆਦਿ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਮਿਲਦੀ ਹੈ।ਇਸ ਲਈ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦੇ ਨਾਲ–ਨਾਲ ਸੱਭਿਆਚਾਰਕ ਗਤੀਵਿਧੀਆਂ ਵਿੱਚ ਹਿੱਸਾ ਲੈਂਦੇ ਰਹਿਣਾ ਚਾਹੀਦਾ ਹੈ। ਕਿਉਂਕਿ ਇਨ੍ਹਾਂ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਰੁਜ਼ਗਾਰ ਦੇ ਮੌਕੇ ਵੀ ਮਿਲਦੇ ਹਨ। ਉਨ੍ਹਾਂ ਇਸ ਨਿਵੇਕਲੇ ਪ੍ਰੋਗਰਾਮਾਂ ਨੂੰ ਉਲੀਕਣ ਲਈ ਡਾ. ਕੰਵਲਜੀਤ ਕੌਰ ਤੇ ਟੀਮ ਦੀ ਸ਼ਲਾਘਾ ਕੀਤੀ ਕਿ ਉਨ੍ਹਾਂ ਨੇ ਭਾਰਤ ਦੇ ਵੱਖ–ਵੱਖ ਪ੍ਰਾਤਾਂ ਦੇ ਰੀਤੀ ਰਿਵਾਜਾਂ ਨੂੰ ਸੱਭਿਆਚਾਰਕ ਵਨੰਗੀਆਂ ਰਾਹੀਂ ਪੇਸ਼ ਕੀਤਾ। ਸਮਾਰੋਹ ਬਾਰੇ ਜਾਣਕਾਰੀ ਦਿੰਦਿਆਂ ਡਾਇਰੈਕਟਰ ਸੱਭਿਆਚਾਰ ਤੇ ਯੁਵਾ ਮਾਮਲੇ ਡਾ. ਕੰਵਲਜੀਤ ਕੌਰ ਨੇ ਦੱਸਿਆ ਕਿ ਸਮਾਰੋਹ ਵਿੱਚ 48 ਟੀਮਾਂ ਨੇ ਹਿੱਸਾ ਲਿਆ। ਜਿਸ ਵਿੱਚ ਉਨ੍ਹਾਂ ਨੇ ਭਾਰਤ ਦੇ ਵੱਖ–ਵੱਖ ਰਾਜਾਂ ਦੇ ਸੱਭਿਆਚਾਰ ਅਤੇ ਪਹਿਰਾਵੇ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪੰਜਾਬ, ਜੰਮੂ ਕਸ਼ਮੀਰ, ਬਿਹਾਰ, ਹਿਮਾਚਲ ਪ੍ਰਦੇਸ਼, ਝਾਰਖੰਡ, ਬੰਗਾਲ, ਉਤਰਾਖੰਡ, ਤੇਲੰਗਾਨਾ, ਮਹਾਰਾਸ਼ਟਰ, ਹਰਿਆਣਾ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੇ ਗਏ ਸੱਭਿਆਚਾਰਕ ਦ੍ਰਿਸ਼ ਨੇ ਦਰਸ਼ਕਾਂ ਦੀਆਂ ਖੂਬ ਤਾੜੀਆਂ ਖੱਟੀਆਂ। ਇਸ ਮੌਕ ਲੋਕ ਗਾਇਕ ਜਿਗਰ ਨੇ ਆਪਣੀ ਗੀਤਾਂ ਰਾਹੀਂ ਦਰਸ਼ਕਾਂ ਦੀ ਵਾਹ–ਵਾਹ ਖੱਟੀ। ਆਯੋਜਕਾਂ ਵੱਲੋਂ ਸਾਰੇ ਪ੍ਰਤੀਯੋਗੀਆਂ ਨੂੰ ਸਰਟੀਫਿਕੇਟ ਅਤੇ ਸਮ੍ਰਿਤੀ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ AWAZE QAUM International Newspaper & WEB TV

# ਦਿੱਲੀ ਕੈਂਟ 'ਚ ਪ੍ਰੀਖਿਆ ਮੌਕੇ ਅੰਮ੍ਰਿਤਧਾਰੀ ਸਿੱਖ ਦੀ ਉਤਰਵਾਈ ਕ੍ਰਿਪਾਨ, ਮੌਕੇ 'ਤੇ ਪਹੁੰਚੀ ਦਿੱਲੀ ਗੁਰਦੁਆਰਾ ਕਮੇਟੀ ਦੀ ਟੀਮ



ਨਵੀਂ ਦਿੱਲੀ, 25 ਫਰਵਰੀ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਕੈਂਟ ਸਥਿਤ ਕੇਂਦਰੀ ਵਿਦਿਆਲਿਆ ਵਿਚ ਅੱਜ ਪ੍ਰੀਖਿਆ ਮੌਕੇ ਇਕ ਅੰਮ੍ਰਿਤਧਾਰੀ ਵਿਦਿਆਰਥੀ ਦੀ ਕ੍ਰਿਪਾਨ ਉਤਰਾਉਣ 'ਤੇ ਮਾਮਲਾ ਗਰਮਾ ਗਿਆ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਵੱਲੋਂ ਐਜੂਕੇਸ਼ਨ ਸੈਲ ਦੇ ਚੇਅਰਮੈਨ ਸਰਦਾਰ ਕੁਲਤਾਰਨ ਸਿੰਘ ਕੋਛੜ ਦੀ ਅਗਵਾਈ ਹੇਠ ਕਮੇਟੀ ਦੀ ਟੀਮ ਮੌਕੇ 'ਤੇ ਭੇਜੀ ਗਈ। ਇਸ ਮੌਕੇ ਸਰਦਾਰ ਕਾਲਕਾ, ਸਰਦਾਰ ਕਾਹਲੋਂ ਨੇ ਫੋਨ ਰਾਹੀਂ ਅਤੇ ਸਰਦਾਰ ਕੋਛੜ ਨੇ ਮੌਕੇ 'ਤੇ ਹਾਜ਼ਰ ਮੁਲਾਜ਼ਮਾਂ ਨੂੰ ਚੰਗੀ ਝਾੜ ਪਾਈ ਜਿਸ ਮਗਰੋਂ ਉਹਨਾਂ ਅੰਮ੍ਰਿਤਧਾਰੀ ਬੱਚੇ ਦੀ ਕ੍ਰਿਪਾਨ ਵਾਪਸ ਉਸਦੇ ਪ੍ਰੀਖਿਆ ਕੇਂਦਰ ਵਿਚ ਭੇਜੀ ਅਤੇ ਆਪਣੀ ਗਲਤੀ ਦਾ ਅਹਿਸਾਸ ਕੀਤਾ। ਇਸ ਮੌਕੇ ਗੱਲਬਾਤ ਕਰਦਿਆਂ ਸਰਦਾਰ ਕਾਲਕਾ, ਸਰਦਾਰ ਕਾਹਲੋਂ ਅਤੇ ਸਰਦਾਰ ਕੋਛੜ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਜਦੋਂ ਦੇਸ਼ ਵਿਚ ਵਾਰ–ਵਾਰ ਸਿੱਖਾਂ ਦੀ ਗੱਲ ਹੋ ਰਹੀ ਹੈ ਅਤੇ ਖੁਦ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਸਿੱਖ ਧਰਮ ਤੇ ਸਿੱਖ ਗੁਰੂ ਸਾਹਿਬਾਨ ਬਾਰੇ ਗੱਲ ਕਰ ਰਹੇ ਹਨ ਤਾਂ ਉਦੋਂ ਹੇਠਲੇ ਪੱਧਰ ਦੇ ਕੁਝ ਅਧਿਕਾਰੀ ਸਿੱਖ ਸਿਧਾਂਤਾਂ ਤੋਂ ਅਣਜਾਣ ਬਣ ਕੇ ਸਿੱਖਾਂ ਦੇ ਪੰਜ ਕੱਕਾਰ ਉਤਰਵਾਉਣ ਦੀ ਆਪਣੀ ਮਾਨਸਿਕਤਾ ਨੂੰ ਸੁਧਾਰ ਨਹੀਂ ਪਾ ਰਹੇ।ਉਹਨਾਂ ਕਿਹਾ ਕਿ ਦੇਸ਼ ਦੀ ਸਿਖ਼ਰਲੀ ਲੀਡਰਸ਼ਿਪ ਹੀ ਤੁਹਾਨੂੰ ਸਿੱਖਿਆ ਦੇ ਰਹੀ ਹੈ ਤਾਂ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਿੱਖ ਧਰਮ ਵਿਚ ਅਤੇ ਖਾਸ ਤੌਰ 'ਤੇ ਅੰਮ੍ਰਿਤਧਾਰੀ ਸਿੱਖ ਦੇ ਜੀਵਨ ਵਿਚ ਪੰਜ ਕੱਕਾਰਾਂ ਦੀ ਕੀ ਮਹੱਤਤਾ ਹੈ। ਉਹਨਾਂ ਕਿਹਾ ਕਿ ਜਿਵੇਂ ਸਰੀਰ ਵਾਸਤੇ ਸੁਆਸ ਜ਼ਰੂਰੀ ਹਨ, ਇਸੇ ਤਰੀਕੇ ਅੰਮ੍ਰਿਤਧਾਰੀ ਸਿੱਖ ਵਾਸਤੇ ਇਹ ਪੰਜ ਕੱਕਾਰ ਜ਼ਰੂਰੀ ਹਨ ਜੋ ਸਾਨੂੰ ਦਸ਼ਮੇਸ਼ ਪਿਤਾ ਸਾਹਿਬ ਏ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਧਾਰਨ ਕਰਨ ਦੇ ਹੁਕਮ ਦਿੱਤੇ ਹਨ। ਉਹਨਾਂ ਕਿਹਾ ਕਿ ਅਸੀਂ ਤਾਂ ਦੁਨੀਆਂ ਭਰ ਵਿਚ ਪੰਜ ਕੱਕਾਰ ਲਾਗੂ ਕਰਵਾਉਣ ਦੀ ਲੜਾਈ ਲੜ ਰਹੇ ਹਾਂ ਪਰ ਇਥੇ ਭਾਰਤ ਵਿਚ ਹੀ ਕੁਝ ਅਗਿਆਨੀ ਤੇ ਗਿਆਨ ਵਿਹੂਣੇ ਲੋਕ ਜੋ ਸਰਕਾਰੀ ਮੁਲਾਜ਼ਮ ਹਨ, ਅਜਿਹੀਆਂ ਹਰਕਤਾਂ ਕਰ ਦਿੰਦੇ ਹਨ ਜਿਸ ਨਾਲ ਨਵਾਂ ਵਿਵਾਦ ਖੜ੍ਹਾ ਹੋ ਜਾਂਦਾ ਹੈ। ਉਹਨਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਵਾਪਰਨੀਆਂ ਮੰਦਭਾਗੀਆਂ ਹਨ ਤੇ ਖੁਦ ਅਫਸਰਾਂ ਨੂੰ ਵੀ ਇਸ ਗੱਲ ਦਾ ਖਿਆਲ ਰੱਖਣਾ ਚਾਹੀਦਾ ਹੈ ਕਿ ਪ੍ਰੀਖਿਆਵਾਂ ਮੌਕੇ ਕਿਸੇ ਵੀ ਤਰੀਕੇ ਧਾਰਮਿਕ ਵਿਸ਼ਵਾਸ ਤੇ ਮਾਨਤਾਵਾਂ ਨੂੰ ਠੇਸ ਨਾ ਪਹੁੰਚੇ। ਉਹਨਾਂ ਨੇ ਸਮੁੱਚੀ ਅਫਸਰਸ਼ਾਹੀ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਧੀਨ ਸਟਾਫ ਨੂੰ ਇਸ ਬਾਰੇ ਜਾਗਰੂਕ ਕਰਵਾਉਣ ਤੋਂ ਭਾਰਤ ਦੇ ਸੰਵਿਧਾਨ ਮੁਤਾਬਕ ਮਿਲੇ ਹੱਕ ਲੋਕ ਪੂਰੀ ਤਰ੍ਹਾਂ ਹੰਢਾ ਸਕਣ।

ਆਵਾਜ਼ਿ ਕੌਮ AWAZE QAUM International Newspaper & WEB TV

# ਆਪ'' ਦੀਆਂ ਲੋਕ ਮਾਰੂ ਨੀਤੀਆਂ ਤੋਂ ਤੰਗ ਲੋਕ ਅਕਾਲੀ ਦਲ ਬਾਦਲ 'ਚ ਸ਼ਾਮਲ ਹੋ ਰਹੇ ਹਨ : ਰੰਧਾਵਾ ਕਾਤਰੋਂ

## ਸੁਖਬੀਰ ਬਾਦਲ ਦੀ ਅਗਵਾਈ ਹੇਠ "ਪੰਜਾਬ ਬਚਾਓ" ਰੈਲੀਆਂ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ



ਸੰਗਾਲਾ ( ਰਣਜੀਤ ਸਿੰਘ ਪੇਧਨੀ ) ਪੰਜਾਬ ਦੇ ਹਰ ਵਰਗ ਦੇ ਲੋਕ ਆਮ ਆਦਮੀ ਪਾਰਟੀ ਦੀਆਂ ਲੋਕ ਮਾਰੂ ਨੀਤੀਆਂ ਅਤੇ ਨਾਕਾਮੀਆਂ ਤੋਂ ਬੇਹੱਦ ਤੰਗ ਆ ਚੁੱਕੇ ਹਨ। ਇਜ ਕਰਕੇ ਲੋਕ ਵੱਡੀ ਗਿਣਤੀ ਵਿੱਚ ਹਰ ਰੋਜ ਸ੍ਰੋਮਣੀ ਅਕਾਲੀ ਦਲ ਬਾਦਲ ਵਿੱਚ ਸ਼ਾਮਿਲ ਹੋ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਦੇ ਧੂਰੀ ਤੋਂ ਹਲਕਾ ਇੰਚਾਰਜ ਰਣਜੀਤ ਸਿੰਘ ਰੰਧਾਵਾ ਨੇ ਕੀਤਾ। ਉਹਨਾਂ ਕਿਹਾ ਕਿ ਆਉਣ ਵਾਲਾ ਸਮਾਂ ਸ਼੍ਰੋਮਣੀ ਅਕਾਲੀ ਦਲ ਬਾਦਲ ਦਾ ਹੈ ਅਤੇ ਪਾਰਟੀ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਨ ਦੀ ਯੋਗ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ ਬਾਦਲ ਲੋਕਾਂ ਦਾ ਦੁਬਾਰਾ ਭਰੋਸਾ ਜਿੱਤ ਰਿਹਾ ਹੈ । ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਅੰਤਾਂ ਦੀ ਵੱਧ ਰਹੀ ਮਹਿੰਗਾਈ, ਰੋਜ਼ਗਾਰ ਦੀ ਘਾਟ, ਮਹਿੰਗੇ ਡਾਕਟਰੀ ਇਲਾਜ, ਕਾਨੂੰਨ ਵਿਵਸਥਾ ਦੀ ਖਰਾਬ ਸਥਿਤੀ ਅਤੇ ਵੱਧ ਰਹੀਆਂ ਅਪਰਾਧਿਕ ਘਟਨਾਵਾਂ ਤੋਂ ਬੇਹੱਦ ਦੁੱਖੀ ਹੋ ਚੁੱਕੇ ਹਨ। ਉਹਨਾ ਕਿਹਾ ਕਿ ਆਪ ਸਰਕਾਰ ਨੌਜਵਾਨਾਂ ਨੂੰ ਜਗਾਰ ਦੇਣ ਦੀ ਬਜਾਏ ਉਨ੍ਹਾਂ ਨੂੰ ਸਹੀ ਸੇਧ ਨਹੀਂ ਦੇ ਸਕੀ।ਨੌਜਵਾਨ ਨਸ਼ਿਆਂ ਦੀ ਸਮੱਸਿਆ ਨਾਲ ਬੁਰੀ ਤਰਾ ਨਾਲ ਘਿਰ ਚੁੱਕੇ ਹਨ। ਦੇਸ਼ ਦਾ ਅੰਨਦਾਤਾ ਕਹਾਉਣ ਵਾਲਾ ਕਿਸਾਨ ਘੱਟੋ ਘੱਟ ਸਮਰਥਨ ਮੁੱਲ ਸਮੇਤ ਹੋਰ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## 'ਅਦਬੀ ਚਿਹਰਾ' ਸਾਹਿਤਕ ਸੰਸਥਾ ਕੌਰਨਵਾਲ, ਉਨਟਾਰੀਓ ਕੈਨੇਡਾ ਨੇ

# 'ਅੰਤਰਰਾਸ਼ਟਰੀ ਮਾਂ ਬੋਲੀ' ਦਿਵਸ ਨੂੰ ਸਮਰਪਿਤ ਬਹੁ-ਭਾਸ਼ਾਈ ਕਵੀ ਕਰਵਾਇਆ













**ਕੌਰਨਵਾਲ, 26 ਫਰਵਰੀ (ਆਵਾਜ਼ਿ ਕੌਮ ਬਿਊਰੋ)-** ਪਿਛਲੇ ਦਿਨੀਂ 'ਅਦਬੀ ਚਿਹਰਾ' ਸਾਹਿਤਕ ਸੰਸਥਾ ਕੌਰਨਵਾਲ ਵੱਲੋਂ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਉਂਦਿਆਂ ਇੱਕ ਬਹੁ-ਭਾਸ਼ਾਈ ਕਵੀ ਦਰਬਾਰ ਕਰਵਾਇਆ। ਜਿਸ ਵਿੱਚ ਵੱਖੋ ਵੱਖ ਭਾਸ਼ਾਵਾਂ ਦੇ ਕਵੀਆਂ ਨੇ ਆਪੋ ਆਪਣੀ ਮਾਤ-ਭਾਸ਼ਾ ਦਾ ਅਦਬੀ ਰੰਗ ਪੇਸ਼ ਕੀਤਾ। ਸੰਸਥਾ ਦੇ ਮੋਢੀ ਮੈਂਬਰ ਮੁਹੰਮਦ ਨਾਇਮ ਤਲਤ ਨੇ ਸ਼ਿਰਕਤ ਕਰ ਰਹੇ ਕਵੀਆਂ ਤੇ ਸਰੋਤਿਆਂ ਨੂੰ 'ਜੀ ਆਇਆਂ ਨੂੰ' ਕਹਿ ਕੇ ਨਿੱਘਾ ਸਵਾਗਤ ਕਰਦਿਆਂ ਮਾਂ ਬੋਲੀ ਦੇ ਮਾਣ ਵਿੱਚ ਕੁਝ ਲਫਜ਼ ਕਹਿ ਕੇ ਮੰਚ ਤੇ ਮਾਈਕ ਸ਼ੋਏਬ ਸਾਦਿਕ ਨੂੰ ਸੰਭਾਲ਼ ਦਿੱਤਾ ਸ਼ੋਏਬ ਸਾਦਿਕ ਨੇ ਸਭ ਤੋਂ ਪਹਿਲਾਂ ਤਾਰਿਕ ਸ਼ਾਹ ਨੂੰ ਸਟੇਜ਼ ਤੇ ਬੁਲਾਇਆ ਜਿਸ ਨੇ ਰੱਬ ਦੀ ਸਿਫਤ ਕਰਦਿਆਂ ਬੜੀ ਬੁਲੰਦ ਅਵਾਜ਼ ਵਿੱਚ ਸ਼ਬਦ ਗਾਇਨ ਕੀਤਾ। ਉਸ ਤੋਂ ਬਾਦ ਮੰਚ ਤੇ ਕ੍ਰਮਵਾਰ ਸੁਖਵਿੰਦਰ ਜੂਤਲਾ, ਰਣਜੀਤ ਦੇਵਗਨ, ਮਨਿੰਦਰ ਅੰਬਾਲਵੀ,ਮਨਜੀਤ ਚਾਤ੍ਰਿਕ, ਅਨਿਲ ਭਾਰਦਵਾਜ, ਸ਼ੋਇਬ ਸਾਦਿਕ ਪਰਮਿੰਦਰ ਸਿੰਘ ਅਰਸ਼ੀ,ਸਰਬਜੀਤ ਸਿੰਘ, ਹਰਜਿੰਦਰ ਰਾਹੀ,ਮੋਹਣ ਸਪਰਾ,ਅਮਨਦੀਪ ਸਿੰਘ, ਸਾਦ ਜਮਸ਼ੇਦ, ਅਕਰਮ ਬੱਟ ਅਤੇ ਹਰਜਿੰਦਰ ਸਿੰਘ ਪੱਤੜ ਹੁਰਾਂ ਨੇ ਆਪਣੀਆਂ ਖ਼ੂਬਸੂਰਤ ਕਵਿਤਾਵਾਂ ਦੀ ਛਹਿਬਰ ਲਾਈ। ਆਖ਼ਰ ਵਿੱਚ ਪੰਜਾਬ ਤੋਂ ਆਏ ਪ੍ਰਸਿੱਧ ਗ.ਜ਼ਲਗੋ ਅਮਰਜੀਤ ਸਿੰਘ ਜੀਤ ਨੇ ਆਪਣੀਆਂ ਨਵੀਆਂ ਗ.ਜ਼ਲਾਂ ਸਰੋਤਿਆਂ ਨਾਲ਼ ਸਾਂਝੀਆਂ ਕਰਕੇ ਸਰੋਤਿਆਂ ਦੇ ਦਿਲ ਜਿੱਤ ਲਏ। ਇਸ ਤੋਂ ਬਾਦ ਸਾਰੇ ਕਵੀਆਂ ਦਾ ਸੰਸਥਾ ਵੱਲੋਂ ਮਾਣ ਸਨਮਾਨ ਕੀਤਾ ਗਿਆ ਉਚੇਚੇ ਤੌਰ ਤੇ ਡਾ. ਹਰਪਾਲ ਸਿੰਘ ਬੁੱਟਰ , ਹਰਜਿੰਦਰ ਸਿੰਘ ਪੱਤੜ ਅਤੇ ਪ੍ਰਬੰਧਕੀ ਟੀਮ ਵੱਲੋਂ ਗ.ਜ਼ਲਗੋ ਅਮਰਜੀਤ ਸਿੰਘ ਜੀਤ ਜੀ ਦਾ ਸਨਮਾਨ ਕੀਤਾ ਗਿਆ । ਆਖਰ ਵਿੱਚ ਡਾ. ਹਰਪਾਲ ਸਿੰਘ ਬੁੱਟਰ ਨੇ ਸੰਸਥਾ ਵੱਲੋਂ ਆਏ ਸਭ ਕਵੀ ਸਹਿਬਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ। ਲਗਭਗ ਤਿੰਨ ਘੰਟੇ ਚੱਲਿਆ ਇਹ ਪ੍ਰੋਗਰਾਮ ਸ਼ਾਨਦਾਰ ਤੇ ਯਾਦਗਾਰੀ ਹੋ ਨਿਬੜਿਆ।

**-ਪ੍ਰਧਾਨ ਸ਼ੋਏਬ ਸਾਦਿਕ**
**ਅਦਬੀ ਚਿਹਰਾ ਸੰਸਥਾ ਕੌਰਨਵਾਲ**

### ਡਾ. ਹਰਪਾਲ ਸਿੰਘ ਬੁੱਟਰ ਨੇ ਸੰਸਥਾ ਵੱਲੋਂ ਆਏ ਸਭ ਕਵੀ ਸਹਿਬਾਨਾਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਅੰਤਰ-ਧਰਮ ਵਿਆਹਾਂ ਨੂੰ ਰੋਕਣ ਲਈ ਅਕਾਲੀ ਦਲ ਨੇ ਕਾਨੂੰਨ ਬਣਾਉਣ ਦੀ ਕੀਤੀ ਮੰਗ

## ਅਗਵਾਕਾਰ ਇੱਕ ਅਪਰਾਧਿਕ ਸੋਚ ਵਾਲਾ ਮੁਸਲਿਮ ਨੌਜਵਾਨ,ਕਸ਼ਮੀਰੀ ਸਿੱਖ ਧੀ ਨੂੰ ਬਲੈਕਮੇਲ ਕਰਨ ਅਤੇ ਵੇਚਣ ਦੀ ਕਰ ਰਿਹਾ ਸੀ ਕੋਸ਼ਿਸ਼





ਨਵੀਂ ਦਿੱਲੀ 25 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):- ਸ਼੍ਰੋਮਣੀ ਅਕਾਲੀ ਦਲ, ਦਿੱਲੀ ਇਕਾਈ ਨੇ ਸਿੱਖ ਧੀਆਂ ਦੇ ਅੰਤਰ-ਧਰਮ ਵਿਆਹਾਂ ਅਤੇ ਧਰਮ ਪਰਿਵਰਤਨ ਦੀਆਂ ਵਧਦੀਆਂ ਘਟਨਾਵਾਂ ਲਈ ਕਮਜ਼ੋਰ ਕਾਨੂੰਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਪਾਰਟੀ ਦਫ਼ਤਰ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨਾਂ, ਪਰਮਜੀਤ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀਕੇ ਨੇ 12 ਫਰਵਰੀ ਨੂੰ ਕਸ਼ਮੀਰ ਦੇ ਬਾਰਾਮੂਲਾ ਤੋਂ ਅਗਵਾ ਕੀਤੀ ਗਈ ਅਤੇ ਹੈਦਰਾਬਾਦ ਤੋਂ ਹੋਈ ਇੱਕ ਸਿੱਖ ਲੜਕੀ ਦੀ ਬਰਾਮਦਗੀ ਬਾਰੇ ਜਾਣਕਾਰੀ ਦਿੱਤੀ। ਸਰਨਾ ਨੇ ਕਿਹਾ ਕਿ ਅਸੀਂ ਇਸ ਮਾਮਲੇ ਵਿੱਚ ਤੁਰੰਤ ਕਾਰਵਾਈ ਕਰਨ ਅਤੇ ਲੜਕੀ ਨੂੰ ਉਸਦੇ ਪਰਿਵਾਰ ਕੋਲ ਵਾਪਸ ਭੇਜਣ ਲਈ ਬਾਰਾਮੂਲਾ ਪੁਲਿਸ ਦਾ ਧੰਨਵਾਦ ਕਰਦੇ ਹਾਂ। ਦੋਸ਼ੀ ਨੂੰ ਫੜਨ ਲਈ ਕਸ਼ਮੀਰ ਪੁਲਿਸ ਦੀ ਛਾਪੇਮਾਰੀ ਦੌਰਾਨ ਧੀ ਦੇ ਪਰਿਵਾਰ ਦੀ ਸਹਾਇਤਾ ਕਰਨ ਵਿੱਚ ਦਿੱਲੀ ਕਮੇਟੀ ਦੀ ਨਕਾਮੀ 'ਤੇ ਗੁੱਸਾ ਪ੍ਰਗਟ ਕਰਦੇ ਹੋਏ ਸਰਨਾ ਨੇ ਕਿਹਾ ਕਿ ਕੋਈ ਵੀ ਜਥੇਬੰਦੀ ਲੋਕਾਂ ਵੱਲੋਂ ਚਲਾਈ ਜਾਂਦੀ ਹੈ, ਪਰ ਇਸ ਸਮੇਂ, ਇੱਕ ਜਥੇਬੰਦੀ ਵਜੋਂ ਦਿੱਲੀ ਕਮੇਟੀ ਦਾ ਪ੍ਰਦਰਸ਼ਨ ਸਿੱਖਾਂ ਨੂੰ ਵੀ ਰਾਸ ਨਹੀਂ ਆ ਰਿਹਾ। ਸਰਨਾ ਨੇ ਦਿੱਲੀ ਕਮੇਟੀ ਮੈਂਬਰ ਸਤਨਾਮ ਸਿੰਘ, ਅਕਾਲੀ ਆਗੂ ਗੁਰਪਾਲ ਸਿੰਘ ਬਾਜਵਾ ਅਤੇ ਜੀ.ਕੇ. ਦਾ ਪਰਿਵਾਰ ਨੂੰ ਇਸ ਮੌਕੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਦੋਵਾਂ ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਸਰਕਾਰ ਸਿੱਖ ਧੀਆਂ ਦੇ ਅੰਤਰ-ਧਰਮ ਵਿਆਹਾਂ ਨੂੰ ਰੋਕਣ ਲਈ ਧੀ ਦੇ ਮਾਪਿਆਂ ਦੀ ਸਹਿਮਤੀ ਨੂੰ ਲਾਜ਼ਮੀ ਬਣਾਵੇਂ। ਜੀ.ਕੇ. ਨੇ ਦਾਅਵਾ ਕੀਤਾ ਕਿ ਅਗਵਾਕਾਰ ਇੱਕ ਅਪਰਾਧਿਕ ਸੋਚ ਵਾਲਾ ਮੁਸਲਿਮ ਨੌਜਵਾਨ ਸੀ ਜਿਹੜਾ ਕਸ਼ਮੀਰੀ ਸਿੱਖ ਧੀ ਨੂੰ ਬਲੈਕਮੇਲ ਕਰਨ ਅਤੇ ਵੇਚਣ ਦੀ ਕੋਸ਼ਿਸ਼ ਵੀ ਕਰ ਰਿਹਾ ਸੀ। ਹਾਲਾਂਕਿ, ਬਾਰਾਮੂਲਾ ਪੁਲਿਸ ਦੀ ਤੁਰੰਤ ਕਾਰਵਾਈ ਅਤੇ ਦਿੱਲੀ ਦੇ ਜਾਮੀਆ ਪੁਲਿਸ ਸਟੇਸ਼ਨ ਦੇ ਸਹਿਯੋਗ ਨਾਲ, ਇਹ ਧੀ ਹੈਦਰਾਬਾਦ ਤੋਂ ਬਰਾਮਦ ਕਰ ਲਈ ਗਈ। ਜੀ.ਕੇ. ਨੇ ਕਿਹਾ ਕਿ ਇਸਨੂੰ ਲਵ ਜੇਹਾਦ ਕਹੋ, ਗਰੂਮਿੰਗ ਗੈਂਗ ਦਾ ਕੰਮ ਕਹੋ, ਜਾਂ ਧਰਮ ਪਰਿਵਰਤਨ ਦੀ ਕੋਸ਼ਿਸ਼, ਪਰ ਇਹ ਧੀ ਦੇ ਪਰਿਵਾਰ ਲਈ ਜ਼ਿਹਰ ਵਰਗਾ ਹੈ। ਲੰਡਨ ਵਿਖੇ ਹਾਲ ਹੀ ਵਿੱਚ ਉਭਰੇ "ਕੌਰ ਤੋਂ ਖਾਨ" ਸਿੰਧਾਤ ਦਾ ਹਵਾਲਾ ਦਿੰਦੇ ਹੋਏ ਜੀ.ਕੇ. ਨੇ ਦੱਸਿਆ ਕਿ ਇੱਥੇ ਇੱਕ ਗਰੂਮਿੰਗ ਗੈਂਗ ਨੇ ਇੱਕ ਨਾਬਾਲਗ ਸਿੱਖ ਕੁੜੀ ਨੂੰ ਲਾਲਚ ਦੇ ਕੇ ਅਗਵਾ ਕੀਤਾ ਸੀ। ਜੀ.ਕੇ. ਨੇ ਸਿੱਖਾਂ ਨੂੰ ਅਜਿਹੇ ਮੁੱਦਿਆਂ ਉਤੇ ਜਾਗਰੂਕ ਹੋਣ ਦੀ ਅਪੀਲ ਕੀਤੀ। ਜੀ.ਕੇ. ਨੇ ਕਿਹਾ ਕਿ ਸਿੱਖਾਂ ਨੂੰ ਸਿੱਖ ਕੁੜੀਆਂ ਵਿਚਕਾਰ ਅੰਤਰ-ਧਰਮ ਵਿਆਹਾਂ ਨੂੰ ਰੋਕਣ ਲਈ ਖੁਦ ਪਹਿਲ ਕਰਨੀ ਚਾਹੀਦੀ ਹੈ, ਕਿਉਂਕਿ ਅਜਿਹੇ ਮੁੱਦਿਆਂ ਨੂੰ ਹੱਲ ਕਰਨ ਲਈ ਬੇਅਸਰ ਕਾਨੂੰਨ ਨਾਕਾਫ਼ੀ ਹਨ। ਇਸ ਮੌਕੇ ਦਿੱਲੀ ਕਮੇਟੀ ਮੈਂਬਰ ਸਤਨਾਮ ਸਿੰਘ, ਮਹਿੰਦਰ ਸਿੰਘ, ਅਕਾਲੀ ਆਗੂ ਡਾ: ਪਰਮਿੰਦਰ ਪਾਲ ਸਿੰਘ, ਗੁਣਜੀਤ ਸਿੰਘ ਬਖਸ਼ੀ, ਜਤਿੰਦਰ ਸਿੰਘ ਬੌਬੀ, ਹਰਜਿੰਦਰ ਸਿੰਘ, ਪਰਮਜੀਤ ਸਿੰਘ ਮੱਕੜ, ਹਰਵਿੰਦਰ ਸਿੰਘ, ਬਖਸ਼ੀਸ਼ ਸਿੰਘ ਆਦਿਕ ਹਾਜ਼ਰ ਸਨ ।

# 10ਵਾਂ ਪਰਮਿੰਦਰਜੀਤ ਯਾਦਗਾਰੀ ਐਵਾਰਡ-2026 ਗ਼ਜ਼ਲਗੋ ਗੁਰਦਿਆਲ ਰੌਸ਼ਨ ਦੀ ਝੋਲ਼ੀ

## ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਅਤੇ ਇਪਸਾ ਆਸਟਰੇਲੀਆ ਵੱਲੋਂ ਸਮਾਗਮ 1 ਮਾਰਚ ਨੂੰ

**ਚੌਕ ਮਹਿਤਾ, 25 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਪਿਛਲੇ 41 ਸਾਲਾਂ ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਸਾਹਿਤਕ ਸੰਸਥਾ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਅਤੇ ਇਪਸਾ ਆਸਟਰੇਲੀਆ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) ਦੇ ਸਹਿਯੋਗ ਨਾਲ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਇਕ ਸਾਹਿਤਕ ਸਮਾਗਮ ਮਿਤੀ 1 ਮਾਰਚ 2026, ਐਤਵਾਰ, ਸਵੇਰੇ 10.30 ਵਜੇ ਦਸ਼ਮੇਸ਼ ਪਬਲਿਕ ਸੀ: ਸੈ: ਸਕੂਲ਼, ਨਜ਼ਦੀਕ ਗੁ: ਬਾਬਾ ਪਾਲਾ ਜੀ ਅਤੇ ਛਾਉਣੀ ਸਾਹਿਬ, ਬਾਬਾ ਬਕਾਲਾ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ । ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਅਤੇ ਇਪਸਾ ਆਸਟਰੇਲੀਆ ਦੇ ਕੌਆਰਡੀਨੇਟਰ ਸਰਬਜੀਤ ਸੋਹੀ ਦੀ ਜਾਣਕਾਰੀ ਅਨੁਸਾਰ ਐਤਕੀਂ 10ਵਾਂ ਪਰਮਿੰਦਰਜੀਤ ਯਾਦਗਾਰੀ ਐਵਾਰਡ-2026, ਪ੍ਰਸਿੱਧ ਗ਼ਜ਼ਲਗੋ ਗੁਰਦਿਆਲ ਰੌਸ਼ਨ ਨੂੰ ਦਿੱਤਾ ਜਾਵੇਗਾ, ਜਿਸ ਵਿੱਚ 21000 ਰੁ: ਦੀ ਨਗਰ ਰਾਸ਼ੀ, ਦੋਸ਼ਾਲਾ ਅਤੇ ਸਨਮਾਨ ਚਿੰਨ ਭੇਟ ਕੀਤਾ ਜਾਵੇਗਾ । ਸਭਾ ਦੇ ਸਰਪ੍ਰਸਤ ਪ੍ਰਿੰਸੀਪਲ ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਖਜ਼ਾਨਚੀ ਮਾ: ਮਨਜੀਤ ਸਿੰਘ ਵੱਸੀ, ਸੀ: ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ, ਸੀ: ਮੀਤ ਪ੍ਰਧਾਨ ਡਾ: ਪਰਮਜੀਤ ਸਿੰਘ ਬਾਠ, ਸਕੱਤਰ ਨਵਦੀਪ ਸਿੰਘ ਬਦੇਸ਼ਾ ਅਤੇ ਪ੍ਰੈਸ ਸਕੱਤਰ ਬਲਵਿੰਦਰ ਸਿੰਘ ਅਠੌਲਾ ਨੇ ਦੱਸਿਆ ਹੈ ਕਿ ਸਮਾਗਮ ਵਿੱਚ ਸ: ਬਖਤਾਵਰ ਸਿੰਘ ਸ਼ੇਰਗਿੱਲ (ਆਈ.ਏ.ਐਸ. (ਸਾ: ਕਮਿਸ਼ਨਰ), ਪ੍ਰੋ: ਜਗਰੂਪ ਸਿੰਘ ਸੇਖੋਂ (ਸਾਬਕਾ ਮੁਖੀ ਰਾਜਨੀਤੀ ਸ਼ਾਸ਼ਤਰ ਵਿਭਾਗ ਜੀ.ਐਨ.ਡੀ. ਯੂਨੀਵਰਸਿਟੀ ਅੰਮ੍ਰਿਤਸਰ) ਬਤੌਰ ਮੁੱਖ ਮਹਿਮਾਨ ਪੁਜਣਗੇ, ਜਦਕਿ ਪ੍ਰਧਾਨਗੀ ਮੰਡਲ ਵਿੱਚ ਸ: ਮੱਖਣ ਸਿੰਘ ਕੋਹਾੜ (ਸੀ: ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ), ਡਾ: ਗੋਪਾਲ ਸਿੰਘ ਬੁੱਟਰ (ਸਹਾਇਕ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ), ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਸ: ਦੀਪ ਦਵਿੰਦਰ ਸਿੰਘ, ਕਾਰਜਕਾਰੀ ਮੈਂਬਰ ਗੁਰਮੀਤ ਸਿੰਘ ਬਾਜਵਾ, ਪ੍ਰਿੰਸੀਪਲ ਕੁਲਬੀਰ ਸਿੰਘ ਮਾਨ (ਦਸ਼ਮੇਸ਼ ਸਕੂਲ) , ਡਾ: ਗਗਨਦੀਪ (ਪ੍ਰਧਾਨ ਮਝੈਲਾਂ ਦੀ ਸੱਥ), ਕੀਰਤ ਪ੍ਰਤਾਪ ਸਿੰਘ ਪੰਨੂੰ (ਪ੍ਰਧਾਨ ਮਾਝਾ ਜਨਵਾਦੀ ਲੇਖਕ ਸਭਾ), ਕੁਲਵਿੰਦਰ ਸਿੰਘ ਗਾਖਲ (ਪ੍ਰਧਾਨ ਪੰਜਾਬ ਸਾਹਿਤਕ ਮੰਚ, ਜਲੰਧਰ) ਸ਼ੁਸ਼ੋਭਿਤ ਹੋਣਗੇ । ਹਾਜ਼ਰੀਨ ਵੱਲੋਂ ਕਵੀ ਦਰਬਾਰ ਹੋਵੇਗਾ।



### ਚਾਰ ਸਿੱਖ ਜਥੇਬੰਦੀਆਂ ਵੱਲੋਂ ਸਾਂਝੀ ਪੱਤਰਕਾਰ ਵਾਰਤਾ

# ਖਾਲਿਸਤਾਨ ਦੇ ਸੰਘਰਸ਼ ਨੂੰ ਬਦਨਾਮ ਕਰਨ ਲਈ ਹਿੰਦ ਹਕੂਮਤ ਨੇ ਸਿੱਖਾਂ ਦੇ ਸਵੈਨਿਰਣੇ ਦੇ ਹੱਕ ਤੇ ਅਜ਼ਾਦੀ ਦੀ ਗੱਲ ਕਰਨ ਵਾਲੇ ਸੰਘਰਸ਼ੀ ਸਿੱਖਾਂ ਨੂੰ ਦਹਿਸ਼ਤਵਾਦੀ ਗਰਦਾਨਣ ਲਈ ਪੂਰਾ ਜ਼ੋਰ ਲਗਾਇਆ



**ਅੰਮ੍ਰਿਤਸਰ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਚਾਰ ਸਿੱਖ ਜਥੇਬੰਦੀਆਂ- ਦਲ ਖਾਲਸਾ, ਭਾਈ ਜਗਤਾਰ ਸਿੰਘ ਹਵਾਰਾ ਕਮੇਟੀ, ਪੰਚ ਪ੍ਰਧਾਨੀ ਜਥਾ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਇਕ ਸਾਝੀ ਪੱਤਰਕਾਰ ਵਾਰਤਾ ਕੀਤੀ ਗਈ। ਇਸ ਮੌਕੇ ਜਾਰੀ ਕੀਤਾ ਗਿਆ ਸਾਂਝਾ ਬਿਆਨ ਆਪ ਜੀ ਦੀ ਜਾਣਕਾਰੀ ਹਿਤ ਸਾਂਝਾ ਕਰ ਰਹੇ ਹਾਂ।

ਭਾਰਤੀ ਏਜੰਸੀਆਂ ਦੇ ਗੁਰਗੇ ਨਿਖਿਲ ਗੁਪਤਾ ਨੇ ਅਮਰੀਕਾ ਦੀ ਧਰਤੀ ਉੱਤੇ ਗੁਰਪਤਵੰਤ ਸਿੰਘ ਪੰਨੂ ਨੂੰ ਭਾੜੇ ਉੱਤੇ ਕਤਲ ਕਰਵਾਉਣ ਦੀ ਨਾਕਾਮ ਕੋਸ਼ਿਸ਼ ਦਾ ਨਿਊਯਾਰਕ ਦੀ ਅਦਾਲਤ ਵਿਚ ਇਕਬਾਲ ਕਰ ਲਿਆ ਹੈ। ਇਸ ਨਾਲ ਇੰਡੀਆ ਦੀ ਖੂਫੀਆ ਏਜੰਸੀ ਰਾਅ ਅਤੇ ਮੋਦੀ ਸਰਕਾਰ ਦੇ ਕੈਬਿਨਟ ਸਕੱਤਰੇਤ ਦੇ ਅਧਿਕਾਰੀ ਵਿਕਾਸ ਯਾਦਵ ਰਾਹੀਂ ਮੋਦੀ ਸਰਕਾਰ ਦੀ ਸਿੱਖਾਂ ਵਿਰੁਧ ਅੰਤਰਰਾਸ਼ਟਰੀ ਦਮਨ (ਟ੍ਰਾਂਸਨੈਸ਼ਨਲ ਰਿਪਰੈਸ਼ਨ) ਦੀ ਨੀਤੀ ਦਾ ਭਾਂਡਾ ਚੁਰਾਹੇ ਭੱਜ ਗਿਆ ਹੈ। ਬੇਸ਼ੱਕ ਇਸ ਕਾਰਵਾਈ ਨਾਲ ਸਿੱਖ ਆਗੂਆਂ ਦੇ ਕਤਲ ਦੀ ਸਾਜਿਸ਼ ਬੇਨਕਾਬ ਹੋ ਗਈ ਹੈ ਪਰ ਇਸ ਸਾਜਿਸ਼ ਪਿਛਲੇ ਦਿੱਲੀ ਬੈਠੇ ਚਿਹਰੇ ਵੀ ਖੁੱਲ੍ਹ ਕੇ ਬੇਨਕਾਬ ਹੋਣੇ ਚਾਹੀਦੇ ਹਨ। ਅਮਰੀਕਾ ਰਹਿੰਦੇ ਸਿੱਖਾਂ ਨੂੰ ਇਹ ਖਾਸ ਯਤਨ ਕਰਨੇ ਚਾਹੀਦੇ ਹਨ ਕਿ ਅਮਰੀਕਾ ਦੇ ਲੋਕ, ਸਰਕਾਰ ਅਤੇ ਮੀਡੀਆ ਇਸ ਸਾਜਿਸ਼ ਵਿਚ ਭਾਈਵਾਲ ਭਾਰਤੀ ਏਜੰਸੀਆਂ ਤੇ ਸਰਕਾਰ ਦੇ ਅਧਿਕਾਰੀਆਂ ਦੀ ਨਿਖਿਲ ਗੁਪਤਾ ਵਾਂਗ ਗ੍ਰਿਫ਼ਤਾਰੀ ਅਤੇ ਮੁਕਦਮੇਂ ਰਾਹੀਂ ਕਾਨੂੰਨੀ ਜਵਾਬਦੇਹੀ ਯਕੀਨੀ ਬਣਾਉਣ। ਇਹ ਮਸਲਾ ਨਿਖਿਲ ਗੁਪਤਾ ਦੇ ਇਕਬਾਲ ਨਾਲ ਅਮਰੀਕਾ-ਭਾਰਤ ਵਪਾਰ ਸਮਝੌਤੇ ਦੀ ਤਹਿ ਹੇਠ ਦੱਬੇ ਜਾਣ ਲਈ ਨਹੀਂ ਛਡਿਆ ਜਾ ਸਕਦਾ।

ਇਹ ਗੱਲ ਵੀ ਅਹਿਮ ਹੈ ਕਿ ਖਾਲਿਸਤਾਨ ਦੇ ਸੰਘਰਸ਼ ਨੂੰ ਬਦਨਾਮ ਕਰਨ ਲਈ ਹਿੰਦ ਹਕੂਮਤ ਨੇ ਸਿੱਖਾਂ ਦੇ ਸਵੈਨਿਰਣੇ ਦੇ ਹੱਕ ਤੇ ਅਜ਼ਾਦੀ ਦੀ ਗੱਲ ਕਰਨ ਵਾਲੇ ਸੰਘਰਸ਼ੀ ਸਿੱਖਾਂ ਨੂੰ ਦਹਿਸ਼ਤਵਾਦੀ ਗਰਦਾਨਣ ਲਈ ਪੂਰਾ ਜ਼ੋਰ ਲਗਾਇਆ ਹੈ ਪਰ ਅਮਰੀਕੀ ਜਾਂਚ ਏਜੰਸੀ ਐਫ.ਬੀ.ਆਈ. ਦੇ ਵਧੀਕ ਡਾਇਰੈਕਟਰ ਨੇ ਨਿਖਿਲ ਗੁਪਤਾ ਵੱਲੋਂ ਜ਼ੁਰਮ ਦਾ ਇਕਬਾਲ ਕਰਨ ਉੱਤੇ ਇਹ ਅਧਿਕਾਰਤ ਬਿਆਨ ਦਿੱਤਾ ਹੈ ਕਿ "ਇਕ ਅਮਰੀਕੀ ਨਾਗਰਿਕ ਨੂੰ ਵਿਚਾਰਾਂ ਦੇ ਪ੍ਰਗਟਾਵੇ ਦੀ ਅਜ਼ਾਦੀ ਦਾ ਇਸਤੇਮਾਲ ਕਰਨ ਵਾਸਤੇ ਅੰਤਰਰਾਸ਼ਟਰੀ ਦਮਨ (ਟ੍ਰਾਂਸਨੈਸ਼ਨਲ ਰਿਪਰੈਸ਼ਨ) ਦਾ ਨਿਸ਼ਾਨਾ ਬਣਾਇਆ ਗਿਆ"। ਇਹ ਬਿਆਨ ਇੰਡੀਆ ਵੱਲੋਂ ਖਾਲਿਸਤਾਨ ਦੇ ਸੰਘਰਸ਼ ਨੂੰ ਬਦਨਾਮ ਲਈ ਸਿਰਜੇ ਝੂਠੇ ਬ੍ਰਿਤਾਂਤ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ।

ਜਨਵਰੀ 2026 ਵਿਚ ਕਨੇਡਾ ਦੀ ਰਾਇਲ ਕਨੇਡੀਅਨ ਮਾਊਂਟ ਪੁਲਿਸ (ਆਰ.ਸੀ.ਐਮ.ਪੀ) ਦੀ ਨੈਸ਼ਨਲ ਸਕਿਓਰਟੀ ਡਵੀਜ਼ਨ ਵੱਲੋਂ ਖਾਸ ਰਿਪੋਰਟ ਰਾਹੀਂ ਮੁੜ ਇਹ ਖੁਲਾਸਾ ਕੀਤਾ ਗਿਆ ਹੈ ਕਿ ਭਾਰਤ ਸਰਕਾਰ ਬਿਸ਼ਨੋਈ ਗੈਂਗ ਰਾਹੀਂ ਕਨੇਡਾ ਵਿਚ ਫਿਰੌਤੀਆਂ, ਕਤਲ, ਗੋਲੀਬਾਰੀ, ਅੱਗਜ਼ਨੀ ਤੇ ਹੋਰ ਹਿੰਸਕ ਕਾਰਵਾਈਆਂ ਕਰਵਾ ਰਹੀ ਹੈ। ਇਸ ਨਾਲ ਆਰ.ਸੀ.ਐਮ.ਪੀ ਦੀ ਅਕਤੂਬਰ 2024 ਵਾਲੀ ਪੱਤਰਕਾਰ ਵਾਰਤਾ ਦੌਰਾਨ ਹੋਏ ਖੁਲਾਸਿਆਂ ਦੀ ਮੁੜ ਪੁਸ਼ਟੀ ਹੋਈ ਹੈ। ਵਿਦੇਸ਼ੀ ਦਖਲਅੰਦਾਜ਼ੀ ਤੇ ਅੰਤਰਰਾਸ਼ਟਰੀ ਦਮਨ ਦੀ ਇਸ ਕਾਰਵਾਈ ਰਾਹੀਂ ਪਰਵਾਸੀ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਕਨੇਡਾ ਦੇ ਅਧਿਕਾਰੀਆਂ ਨੇ ਇਹਨਾ ਕਾਰਵਾਈਆਂ ਪਿੱਛੇ ਅਮਿਤ ਸ਼ਾਹ ਦਾ ਹੱਥ ਹੋਣ ਦੀ ਪੁਸ਼ਟੀ ਕੀਤੀ ਹੈ ਜਦਕਿ ਅੰਤਰਰਾਸ਼ਟਰੀ ਮੀਡੀਏ ਨੇ ਇਸ ਪੁੱਛੇ ਅਜੀਤ ਡੋਵਾਲ ਦੀ ਭੂਮਿਕਾ ਵੱਲ ਵੀ ਇਸ਼ਾਰੇ ਕੀਤੇ ਹਨ।

ਵਿਦੇਸ਼ਾਂ ਵਿਚਲੇ ਦਮਨ ਚੱਕਰ ਦੀ ਤਰਜ ਉੱਤੇ ਹੀ ਪੰਜਾਬ ਵਿਚ ਵੀ ਫਿਰੌਤੀਆਂ, ਕਤਲਾਂ ਤੇ ਹਿੰਸਕ ਵਾਰਦਾਤਾਂ ਰਾਹੀਂ ਅਫਰਾ-ਤਫਰੀ ਤੇ ਅਸਥਿਰਤਾ ਦਾ ਮਹੌਲ ਸਿਰਜਿਆ ਜਾ ਰਿਹਾ ਹੈ। ਇਸ ਪਿੱਛੇ ਵੀ ਵਿਦੇਸ਼ਾਂ ਵਾਂਗ ਇੰਡੀਅਨ ਏਜੰਸੀਆਂ ਤੇ ਭਾਰਤੀ ਗ੍ਰਹਿ ਮੰਤਰਾਲੇ ਦਾ ਹੱਥ ਹੈ।

ਪੰਜਾਬ ਵਿਚ ਵੀ ਵਿਦੇਸ਼ਾਂ ਦੀ ਤਰਜ ਉੱਤੇ ਹੀ ਭਾਰਤੀ ਏਜੰਸੀਆਂ ਸਿੱਖਾਂ ਖਿਲਾਫ ਆਪਣੀ ਖਾਸ ਜ਼ਬਰ ਨੀਤੀ ਲਾਗੂ ਕਰ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਅਸੀਂ ਵੇਖਿਆ ਹੈ ਕਿ ਕਿਸ ਤਰ੍ਹਾਂ ਸਿੱਖਾਂ ਵਿਚਲੇ ਆਪਸੀ ਵਖਰੇਵਿਆਂ ਨੂੰ ਵਧਾਉਣ ਲਈ ਪੁਰਾਣੇ ਮਸਲੇ ਵਾਰ-ਵਾਰ ਉਭਾਰ ਕੇ ਆਪਸੀ ਟਕਰਾਅ ਦਾ ਮਹੌਲ ਸਿਰਜਣ ਦਾ ਯਤਨ ਕੀਤਾ ਗਿਆ। ਪਰ ਸੁਹਿਰਦ ਸਿੱਖ ਧਿਰਾਂ ਨੇ ਸੰਜਮ ਨਾਲ ਚੱਲ ਕੇ ਇਹ ਚਾਲ ਕਾਮਯਾਬ ਨਹੀਂ ਹੋਣ ਦਿੱਤੀ।

ਫਿਰ ਪੰਜਾਬ ਵਿਚ ਗੈਂਗਵਾਦ ਦੀ ਆੜ ਹੇਠ ਸਿੱਖ ਆਗੂਆਂ ਤੇ ਹੋਰਨਾਂ ਸੰਘਰਸ਼ੀ ਹਿੱਸਿਆਂ ਨੂੰ ਨਿਸ਼ਾਨਾ ਬਣਾਉਣ ਦੇ ਯਤਨ ਵੀ ਹੋਏ ਹਨ। ਪਰ ਸਰਕਾਰ ਦੇ ਇਹਨਾ ਯਤਨਾਂ ਨੂੰ ਕਾਮਯਾਬੀ ਨਹੀਂ ਮਿਲ ਸਕੀ ਕਿਉਂਕਿ ਪੰਜਾਬ ਵਿਚ ਅਜੇ ਵੀ ਸੰਘਰਸ਼ੀਆਂ ਦੀ ਕਦਰ ਹੈ ਤੇ ਜ਼ੁਰਮ ਵੱਲ ਜਾ ਚੁੱਕੇ ਹਿੱਸੇ ਵੀ ਸਿੱਧੇ ਸਰਕਾਰ ਦੇ ਹੱਥਠੋਕੇ ਬਣ ਕੇ ਸੰਘਰਸ਼ੀਆਂ ਨੂੰ ਖਤਮ ਕਰਨ ਲਈ ਰਾਜੀ ਨਹੀਂ ਹੋਏ। ਹੁਣ ਅਗਾਂਹ ਹਿੰਦ ਸਰਕਾਰ ਵਿਦੇਸ਼ਾਂ ਦੀ ਤਰਜ ਉੱਤੇ ਪੰਜਾਬ ਵਿਚ ਸੰਘਰਸ਼ੀ ਸਿੱਖ ਸਖਸ਼ੀਅਤਾਂ, ਕਿਸਾਨ ਆਗੂਆਂ ਤੇ ਪੰਜਾਬ ਹਿਤੈਸੀਆਂ ਨੂੰ ਪੰਜਾਬ ਤੋਂ ਬਾਹਰਲੇ ਭਾੜੇ ਦੇ ਕਾਤਲਾਂ ਰਾਹੀਂ ਖਤਮ ਕਰਵਾਉਣ ਦਾ ਯਤਨ ਕਰ ਸਕਦੀ ਹੈ।

ਜਨਵਰੀ 2025 ਵਿਚ ਸੰਯੁਕਤ ਰਾਸ਼ਟਰ ਮਨੁੱਖੀ ਹੱਕ ਕੌਂਸਲ ਦੇ ਸੀਨੀਅਰ ਅਧਿਕਾਰੀਆਂ ਨੇ ਦੁਨੀਆ ਭਰ ਵਿਚ ਭਾਰਤੀ ਹਕੂਮਤ ਵੱਲੋਂ ਸਿੱਖ ਕਾਰਕੁੰਨਾਂ ਦੀ ਸਿਆਸੀ ਸਰਗਰਮੀ ਨੂੰ ਬੰਦ ਕਰਵਾਉਣ ਲਈ ਕਈ ਉਹਨਾ ਉੱਤੇ ਯੋਜਨਾਬੱਧ ਹਮਲੇ ਜਾਰੀ ਰੱਖਣ 'ਤੇ ਚਿੰਤਾ ਜਤਾਈ ਸੀ। ਇਹਨਾ ਅਧਿਕਾਰੀਆਂ ਵੱਲੋਂ ਸਰੀਰਕ ਹਮਲਿਆਂ ਦੇ ਨਾਲ-ਨਾਲ ਯੁਆਪਾ ਵਰਗੇ ਕਾਨੂੰਨਾਂ ਤਹਿਤ ਸਿੱਖਾਂ ਦੇ ਸਵੈਨਿਰਣੇ ਦੇ ਹੱਕ ਦੀ ਸਿਆਸੀ ਸਰਗਰਮੀ ਨੂੰ ਅਪਰਾਧ ਕੇ ਪੇਸ਼ ਕਰਨ ਦਾ ਵੀ ਜ਼ਿਕਰ ਕੀਤਾ ਸੀ। ਇਹ ਅਧਿਕਾਰੀ ਇਸ ਨਤੀਜੇ ਉੱਤੇ ਪਹੁੰਚੇ ਸਨ ਕਿ ਇਹਨਾ ਹਮਲਿਆਂ ਨਾਲ 'ਪੰਜਾਬ ਵਿਚ ਖਤਰਨਾਕ ਹਾਲਾਤ ਪੈਦਾ ਹੋ ਰਹੇ ਹਨ'।

ਇਸ ਚੱਲ ਰਹੇ ਵਰਤਾਰੇ ਬਾਰੇ ਇਹ ਗੱਲ ਕਰਨ ਦਾ ਮਨੋਰਥ ਕਿਸੇ ਤੋਂ ਸੁਰੱਖਿਆ ਮੰਗਣਾ ਜਾਂ ਕਿਸੇ ਡਰ ਦਾ ਪ੍ਰਗਟਾਵਾ ਕਰਨਾ ਹਰਗਿਜ਼ ਨਹੀਂ ਹੈ ਬਲਕਿ ਅਸੀਂ ਪੂਰੀ ਜਿੰਮੇਵਾਰੀ ਨਾਲ ਪੰਜਾਬ ਦੇ ਸੁਹਿਰਦ ਲੋਕਾਂ, ਦੁਨੀਆਂ ਭਰ ਚ ਵਸਦੇ ਸਿੱਖਾਂ ਅਤੇ ਸੰਸਾਰ ਦੇ ਅਮਨ ਤੇ ਜਮਹੂਰੀਅਤ ਪਸੰਦ ਲੋਕਾਂ ਸਾਹਮਣੇ ਇਹ ਗੱਲ ਹਕੀਕਤ ਬਿਆਨ ਕਰਨ ਦੇ ਫਰਜ਼ ਦੀ ਪੂਰਤੀ ਵਜੋਂ ਰੱਖ ਰਹੇ ਹਾਂ ਕਿ ਜਮਹੂਰੀਅਤ ਦੇ ਪਰਦੇ ਹੇਠ ਹਿੰਦ ਹਕੂਮਤ ਇਕ ਦਹਿਸ਼ਤਵਾਦੀ ਜ਼ਬਰ ਦੀ ਨੀਤੀ ਲਾਗੂ ਕਰ ਰਹੀ ਹੈ।

ਕੌਮਾਂਤਰੀ ਤੇ ਖੇਤਰੀ ਹਾਲਾਤ ਬਹੁਤ ਤੇਜੀ ਨਾਲ ਬਦਲ ਰਹੇ ਹਨ ਜਿਸ ਵਿਚ ਭੂ-ਰਾਜਨੀਤਕ ਤੌਰ 'ਤੇ ਪੰਜਾਬ ਦਾ ਮਹੱਤਵ ਪਹਿਲਾਂ ਨਾਲੋਂ ਵੀ ਵਧ ਗਿਆ ਹੈ। ਸਿੱਖ ਇਸ ਖਿੱਤੇ ਵਿਚ ਨਿਆਂਪਸੰਦ ਰਾਜ ਦੇਣ ਦੇ ਇਤਿਹਾਸ ਅਤੇ ਜਰਵਾਣੇ ਵਿਰੁਧ ਸਾਂਝੇ ਸੰਘਰਸ਼ ਦੀ ਅਗਵਾਈ ਕਰਨ ਦੀ ਸਮਰੱਥਾ ਕਰਕੇ ਹੁਣ ਬਹੁਤ ਮਹੱਤਵਪੂਰਨ ਹੋ ਗਏ ਹਨ। ਇਸੇ ਲਈ ਹਿੰਦ ਸਰਕਾਰ ਇਹਨਾ ਕਾਰਵਾਈਆਂ ਰਾਹੀਂ ਸਿੱਖਾਂ ਤੇ ਪੰਜਾਬ ਨੂੰ ਬਦਨਾਮ ਤੇ ਕਮਜੋਰ ਕਰਨ ਦਾ ਯਤਨ ਕਰ ਰਹੀ ਹੈ।

ਇਸ ਵਾਸਤੇ ਸੰਸਾਰ ਭਰ ਵਿਚ ਵੱਸਦੇ ਸਿੱਖਾਂ ਲਈ ਇਹ ਜਰੂਰੀ ਹੈ ਕਿ ਆਪਸ ਵਿਚ ਸੰਵਾਦ ਕੀਤਾ ਜਾਵੇ ਤੇ ਵਖਰੇਵਿਆਂ ਵਾਲੇ ਮਸਲੇ ਜਨਤਕ ਤੌਰ ਉੱਤੇ ਨਾ ਉਛਾਲੇ ਜਾਣ। ਸਾਂਝ ਵਧਾਉਣ ਲਈ ਅੰਦਰੂਨੀ ਕਾਰ-ਵਿਹਾਰ ਦੇ ਨੇਮਾਂ ਬਾਰੇ ਸਹਿਮਤੀ ਬਣਾਈ ਜਾਵੇ। ਇਹ ਸਮੇਂ ਬਹੁਤ ਅਹਿਮ ਹਨ ਇਸ ਲਈ ਸਾਨੂੰ ਗੁਰਮਤਿ ਅਤੇ ਪੰਥਕ ਰਿਵਾਇਤ ਅਨੁਸਾਰ ਆਪਣੇ ਕਾਰਜ ਸੇਧਦਿਆਂ ਗੁਰੂ ਓਟ ਨਾਲ ਭਵਿੱਖ ਵੱਲ ਵਧਣਾ ਚਾਹੀਦਾ ਹੈ।

ਮੌਜੂਦਾ ਸਮੇਂ ਵਿਚ ਸਿੱਖਾਂ ਲਈ ਸਾਂਝੀ ਅਗਵਾਈ ਅਤੇ ਸਾਂਝੇ ਫੈਸਲੇ ਲੈਣ ਲਈ ਸਾਂਝੇ ਮੰਚ ਉਸਾਰਣ ਵੱਲ ਯਤਨ ਕਰਨੇ ਚਾਹੀਦੇ ਹਨ। ਅਸੀਂ ਇਸ ਦਿਸ਼ਾ ਵਿਚ ਕੰਮ ਕਰ ਰਹੇ ਹਾਂ ਅਤੇ 26 ਜਨਵਰੀ 2026 ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਇਸ ਬਾਰੇ ਕੀਤੇ ਐਲਾਨਾਂ ਨੂੰ ਪੂਰਾ ਕਰਨ ਲਈ ਵਚਨਬੱਧ ਹਾਂ।

### ਚੇਅਰਮੈਨ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਦੇ ਬੇਟੇ ਅਰਸਦੀਪ ਸਿੰਘ ਰੰਧਾਵਾ ਦੇ ਵਿਆਹ 'ਤੇ

# ਮਹਾਨ ਸ਼ਖ਼ਸੀਅਤ ਨੇ ਦਿੱਤਾ ਆਸ਼ੀਰਵਾਦ

**ਚੌਕ ਮਹਿਤਾ, 25 ਫਰਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਜੰਡਿਆਲਾ ਗੁਰੂ ਦੇ ਸੀਨੀਅਰ ਲੀਡਰ ਚੇਅਰਮੈਨ ਟ੍ਰੇਡ ਕਮਿਸ਼ਨਰ ਪੰਜਾਬ ਸਰਕਾਰ ਦੇ ਹਰਜਿੰਦਰ ਸਿੰਘ ਰੰਧਾਵਾ ਜਲਾਲ ਉਸਮਾ ਦੇ ਬੇਟੇ ਅਰਸਦੀਪ ਸਿੰਘ ਰੰਧਾਵਾ ਜਲਾਲ ਉਸਮਾ ਦੇ ਵਿਆਹ ਆਨੰਦ ਕਾਰਜ ਤੇ ਮਹਾਨ ਸ਼ਖ਼ਸੀਅਤ ਨੇ ਦਿੱਤਾ ਆਸ਼ੀਰਵਾਦ, ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਉ ਪੰਜਾਬ ਸਰਕਾਰ, ਹਲਕਾ ਜੰਡਿਆਲਾ ਗੁਰੂ ਦੇ ਸੀਨੀਅਰ ਲੀਡਰ ਸਰਪੰਚ ਲਖਵਿੰਦਰ ਸਿੰਘ ਰੰਧਾਵਾ ਠੇਕੇਦਾਰ ਜਲਾਲ ਉਸਮਾ, ਸਾਬਕਾ ਚੇਅਰਮੈਨ ਡਾ, ਪਰਮਜੀਤ ਸਿੰਘ ਸੰਧੂ, ਡੀ ਐਸ ਪੀ ਕੁਲਵੰਤ ਸਿੰਘ, ਸੀਨੀਅਰ ਪੱਤਰਕਾਰ ਕੈਪਟਨ ਸਿੰਘ ਚੌਕ ਮਹਿਤਾ, ਸਵਰਨਜੀਤ ਸਿੰਘ ਕੁਰਲੀਆਂ ,ਸਮਾਜ ਸੇਵੀ ਬਾਬਾ ਸੁਖਵੰਤ ਸਿੰਘ ਚੰਨਣਕੇ, ਹਲਕਾ ਜੰਡਿਆਲਾ ਗੁਰੂ ਦੇ ਮੀਡੀਆ ਇੰਚਾਰਜ ਬੂਟਾ ਸਿੰਘ, ਭੁਪਿੰਦਰ ਸਿੰਘ ,ਆਦਿ ਆਗੂਆਂ ਨੇ ਅਰਸਦੀਪ ਸਿੰਘ ਰੰਧਾਵਾ ਜਲਾਲ ਉਸਮਾ ਆਸ਼ੀਰਵਾਦ ਦਿੱਤਾ ਸ਼ੁਭ ਕਾਮਨਾਵਾਂ ਦੀ ਅਰਦਾਸ ਬੇਨਤੀ ਕੀਤੀ।



# ਓ.ਐਸ.ਡੀ. ਸੁਖਵੀਰ ਸਿੰਘ ਨੇ ਗਊਸ਼ਾਲਾ ਪੰਚਵਟੀ ਰੋਡ ਧੂਰੀ ਦਾ ਕੀਤਾ ਦੌਰਾ; ਕਮੇਟੀ ਮੈਂਬਰਾਂ ਨਾਲ ਕੀਤੀ ਮੀਟਿੰਗ

### ਗਊਸ਼ਾਲਾ ਨਾਲ ਸੰਬੰਧਿਤ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਕੀਤਾ ਜਾਵੇਗਾ ਹੱਲ : ਓ.ਐਸ.ਡੀ.



**ਧੂਰੀ (ਰਣਜੀਤ ਸਿੰਘ ਪੇਧਨੀ)**-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਅੱਜ ਗਊਸ਼ਾਲਾ ਪੰਚਵਟੀ ਰੋਡ ਧੂਰੀ ਦਾ ਦੌਰਾ ਕਰਕੇ ਉੱਥੇ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ ਅਤੇ ਗਊਸ਼ਾਲਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਓ.ਐਸ.ਡੀ. ਸੁਖਵੀਰ ਸਿੰਘ ਨੇ ਕਮੇਟੀ ਮੈਂਬਰਾਂ ਵੱਲੋਂ ਰੱਖੇ ਗਏ ਮਸਲਿਆਂ ਅਤੇ ਮੰਗਾਂ ਨੂੰ ਧਿਆਨ ਨਾਲ ਸੁਣਿਆ ਅਤੇ ਭਰੋਸਾ ਦਿਵਾਇਆ ਕਿ ਗਊਸ਼ਾਲਾ ਨਾਲ ਸੰਬੰਧਿਤ ਹਰੇਕ ਮਸਲੇ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਮਸਲੇ ਮੀਟਿੰਗ ਦੌਰਾਨ ਵਿਚਾਰੇ ਗਏ ਹਨ, ਉਨ੍ਹਾਂ 'ਤੇ ਤੁਰੰਤ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ ਤਾਂ ਜੋ ਗਊਸ਼ਾਲਾ ਦੇ ਸੁਚੱਜੇ ਪ੍ਰਬੰਧ ਅਤੇ ਪਸ਼ੂਆਂ ਦੀ ਸੰਭਾਲ ਵਿੱਚ ਕਿਸੇ ਵੀ ਤਰ੍ਹਾਂ ਦੀ ਰੁਕਾਵਟ ਨਾ ਆਵੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਧੂਰੀ ਹਲਕੇ ਦੇ ਸਰਵਪੱਖੀ ਵਿਕਾਸ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਖੁਦ ਧੂਰੀ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਨਿਰੰਤਰ ਸਮੀਖਿਆ ਕਰ ਰਹੇ ਹਨ ਅਤੇ ਹਰੇਕ ਪ੍ਰੋਜੈਕਟ ਦੀ ਰੋਜ਼ਾਨਾ ਰਿਪੋਰਟ ਪ੍ਰਾਪਤ ਕਰ ਰਹੇ ਹਨ। ਓ.ਐਸ.ਡੀ. ਨੇ ਕਿਹਾ ਕਿ ਧੂਰੀ ਵਾਸੀਆਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਉਹ 24 ਘੰਟੇ ਉਪਲਬਧ ਹਨ ਅਤੇ ਕੋਈ ਵੀ ਨਾਗਰਿਕ ਕਿਸੇ ਵੀ ਸਮੇਂ ਆਪਣੀ ਸਮੱਸਿਆ ਉਨ੍ਹਾਂ ਦੇ ਧਿਆਨ ਵਿੱਚ ਲਿਆ ਸਕਦਾ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਲੋਕ-ਭਲਾਈ ਅਤੇ ਪਸ਼ੂ-ਕਲਿਆਣ ਨਾਲ ਜੁੜੇ ਹਰੇਕ ਮਸਲੇ ਦਾ ਸਮੇਂ-ਸਿਰ ਅਤੇ ਸੰਵੇਦਨਸ਼ੀਲਤਾ ਨਾਲ ਨਿਪਟਾਰਾ ਕੀਤਾ ਜਾਵੇਗਾ। ਇਸ ਮੌਕੇ ਰਮਨਦੀਪ ਸਿੰਘ, ਵਾਰਡ ਨੰਬਰ 14 ਤੋਂ ਸੰਦੀਪ ਬਾਂਸਲ, ਸੁਰੇਸ਼ ਬਾਂਸਲ, ਐਮ.ਸੀ. ਪੁਸ਼ਿਪੰਦਰ ਸ਼ਰਮਾ, ਡਿੱਕੀ ਗੋਇਲ, ਮੁਕੇਸ਼ ਬਾਂਸਲ, ਸੁਰੇਸ਼ ਕੁਮਾਰ, ਪ੍ਰਿੰਸ ਤੇ ਹੈਪੀ ਸਮੇਤ ਗਊਸ਼ਾਲਾ ਦੀ ਕਮੇਟੀ ਹੋਰ ਮੈਂਬਰ ਵੀ ਮੌਜੂਦ ਸਨ।

# ਪ੍ਰੋਜੈਕਟ ਵੱਲੋਂ ਬਣਦੀ ਵਾਜਿਬ ਰਕਮ ਦੇ ਕੇ ਪਸ਼ੂ ਪਾਲਕ ਵੀਰਾਂ ਦੀ ਕੀਤੀ ਗਈ ਹੌਸਲਾਂ ਅਫ਼ਜਾਈ

### ਸਾਰੀ ਪ੍ਰਕਿਰਿਆ ਮੁਕੰਮਲ ਕਰਨ ਤੇ ਵੈਟਨਰੀ ਅਫਸਰ ਧਨੌਲਾ ਡਾ. ਰਾਕੇਸ਼ ਸਿੰਗਲਾ ਦਾ ਕੀਤਾ ਧੰਨਵਾਦ

**ਧਨੌਲਾ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਮੁਰਹਾ ਪੀ ਟੀ ਸਕੀਮ ਤਹਿਤ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਜਿਲ੍ਹਾ ਬਰਨਾਲਾ ਡਾਕਟਰ ਕਰਮਜੀਤ ਸਿੰਘ ਜੀ ਦੀ ਅਗਵਾਈ ਅਤੇ ਡਾਕਟਰ ਅਮਿਤ ਖੁਰਾਣਾ ਕੋ-ਆਰਡੀਨੇਟਰ ਮੁਰਹਾ ਪੀ ਟੀ ਪ੍ਰੋਜੈਕਟ ਪੰਜਾਬ ਜੀਆਂ ਦੇ ਦਿਸ਼ਾ-ਨਿਰਦੇਸਾ ਅਨੁਸਾਰ ਅਤੇ ਡਾ. ਸੁਖਹਰਮਨਦੀਪ ਸਿੰਘ ਸ਼ੇਰਗਿੱਲ ਬਤੌਰ ਜਿਲ੍ਹਾ ਕੋ-ਆਰਡੀਨੇਟਰ ਪੀ ਟੀ ਮੁਰਹਾ ਸਕੀਮ ਬਰਨਾਲਾ ਦੀ ਦੇਖ-ਰੇਖ ਹੇਠ ਜਿਲ੍ਹਾ ਬਰਨਾਲਾ ਅਧੀਨ ਆਉਂਦੀ ਸੰਸਥਾਂ ਸੀ.ਵੀ.ਐੱਚ ਧਨੌਲਾ ਵਿਖੇ ਤੈਨਾਤ ਡਾਕਟਰ ਰਾਕੇਸ਼ ਸਿੰਗਲਾ ਵੱਲੋਂ ਉੱਤਮ ਕਿਸਮ ਦੀਆਂ ਮੱਝਾਂ (ਜੋ ਕਿ EBV ਪੋਜਟਿਵ ਹਨ) ਦੁਆਰਾ ਸਰਕਾਰੀ ਸੀਮਨ ਤੋਂ ਪੈਂਦਾ ਹੋਣ ਵਾਲੇ (GBV ਪੋਜਟਿਵ) DNA ਟੈਸਟ ਪਾਸ ਅਤੇ ਬਿਮਾਰੀ ਰਹਿਤ 1 ਕੱਟੇ ਦੀ ਖਰੀਦ ਗੁਰਜੰਟ ਸਿੰਘ ਮਾਨ ਪੁੱਤਰ ਮੁਕੰਦ ਸਿੰਘ ਵਾਸੀ ਕੋਠੇ ਰਜਿੰਦਰਪੁਰਾ ਧਨੌਲਾ ਤੋਂ ਸੀ.ਆਰ.ਐੱਸ ਸੀਮਨ ਸਟੇਸ਼ਨ ਨਾਭਾ ਨੂੰ ਭੇਜਿਆ ਗਿਆ ਅਤੇ ਇਸ ਤੋਂ ਪਹਿਲਾਂ ਇਸੇ ਪ੍ਰਕਿਰਿਆ ਰਾਹੀਂ ਲਖਵੀਰ ਸਿੰਘ ਅਤੇ ਜਸਵੀਰ ਸਿੰਘ ਪੁੱਤਰ ਗੁਰਦੇਵ ਸਿੰਘ ਧਨੌਲਾ ਤੋਂ ਇੱਕ ਮਿਆਰੀ ਨਸਲ ਦਾ ਕੱਟਾ ਅਤੇ ਇੱਕ ਕੱਟਾ ਗੁਰਪ੍ਰੀਤ ਸਿੰਘ ਪੁੱਤਰ ਅਵਤਾਰ ਸਿੰਘ ਮੌੜ ਧਨੌਲਾ ਤੋਂ ਸੀ.ਆਰ.ਐੱਸ ਸੀਮਨ ਸਟੇਸ਼ਨ ਨਾਭਾ ਨੂੰ ਭੇਜਿਆ ਗਿਆ ਅਤੇ ਪ੍ਰੋਜੈਕਟ ਵੱਲੋਂ ਬਣਦੀ ਵਾਜਿਬ ਰਕਮ ਦੇ ਕੇ ਪਸ਼ੂ ਪਾਲਕ ਵੀਰਾਂ ਦੀ ਕੀਤੀ ਗਈ ਹੌਸਲਾਂ ਅਫ਼ਜਾਈ। ਇਸ ਖ੍ਰੀਦਣ ਸੀ ਸਾਰੀ ਪ੍ਰਕਿਰਿਆ ਨੂੰ ਮੁਕੰਮਲ ਕਰਨ ਲਈ ਦਿੱਤੇ ਵਿਸੇਸ਼ ਸਹਿਯੋਗ ਕਰਕੇ ਵੈਟਨਰੀ ਅਫਸਰ ਧਨੌਲਾ ਡਾਕਟਰ ਰਾਕੇਸ਼ ਕੁਮਾਰ ਸਿੰਗਲਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਪਸ਼ੂ ਪਾਲਕ ਗੁਰਜੰਟ ਸਿੰਘ ਮਾਨ, ਬਲਜੀਤ ਸਿੰਘ ਮਾਨ, ਨੰਬਰਦਾਰ ਹਰਵਿੰਦਰ ਸਿੰਘ ਮਾਨ ਤੋਂ ਇਲਾਵਾ ਪੀਟੀ ਦਫ਼ਤਰ ਬਰਨਾਲਾ ਵੱਲੋਂ ਮਿਲਕ ਰਿਕਾਰਡਰ ਪਰਵਿੰਦਰ ਸਰਮਾ ਅਤੇ ਸੁਪਰਵਾਇਜਰ ਸਤਨਾਮ ਸਿੰਘ ਉਚੇਚੇ ਤੌਰ ਤੇ ਹਾਜ਼ਰ ਰਹੇ।

# ਮਾਨਸਿਕ ਸਿਹਤ ਵਿੱਚ ਟੈਲੀ- ਮਾਨਸ ਦਾ ਅਹਿਮ ਰੋਲ: ਡਾ. ਹਰੀਪਾਲ ਸਿੱਧੂ

### ਮਾਨਸਿਕ ਸਿਹਤ ਲਈ ਟੈਲੀ- ਮਾਨਸ ਟੋਲ ਫਰੀ ਨੰਬਰ 14416 ਰਾਹੀਂ ਲਈ ਜਾ ਸਕਦੀ ਹੈ ਮੁਫਤ ਸਲਾਹ : ਸਿਵਲ ਸਰਜਨ ਬਰਨਾਲਾ

**ਧਨੌਲਾ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਦੇ ਹੁਕਮਾਂ ਅਤੇ ਡਾਇਰੈਕਟਰ ਸਿਹਤ ਵਿਭਾਗ ਪੰਜਾਬ ਦੇ ਪੱਤਰ ਅਨੁਸਾਰ ਮਾਨਸਿਕ ਸਿਹਤ ਸਮੱਸਿਆਵਾਂ ਦੇ ਹੱਲ ਲਈ ਟੋਲ ਫਰੀ ਹੈਲਪਲਾਈਨ ਨੰਬਰ 1800- 89- 14416 ਜਾਂ 14416 ਰਾਹੀਂ ਇਲਾਜ ਬਾਰੇ ਮੁਫ਼ਤ ਜਾਣਕਾਰੀ ਹਾਸਲ ਕਰ ਸਕਦੇ ਹਾਂ ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਿਵਲ ਸਰਜਨ ਬਰਨਾਲਾ ਡਾ.ਹਰੀਪਾਲ ਸਿੰਘ ਸਿੱਧੂ ਵੱਲੋਂ ਕੀਤਾ ਗਿਆ ।ਮਾਨਸਿਕ ਸਿਹਤ ਬਾਰੇ ਜਾਗਰੂਕਤਾ ਪੈਦਾ ਕਰਕੇ ਮਾਨਸਿਕ ਤੰਦਰੁਸਤੀ ਲਈ ਭਾਰਤ ਸਰਕਾਰ ਦੁਆਰਾ 10 ਅਕਤੂਬਰ 2022 ਨੂੰ ਟੈਲੀ- ਮਾਨਸ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ। ਡਾ. ਗਗਨਦੀਪ ਸਿੰਘ ਸੇਖੋਂ ਅਤੇ ਡਾ. ਲਿਪਸੀ ਮੋਦੀ ਮਾਨਸਿਕ ਰੋਗਾਂ ਦੇ ਮਾਹਿਰ/ ਜਿਲ੍ਹਾ ਨੋਡਲ ਅਫਸਰ ਵੱਲੋਂ ਦੱਸਿਆ ਗਿਆ ਕਿ ਉਪਭੋਗਤਾ ਘਰ ਬੈਠੇ ਇਸ ਸੇਵਾ ਦਾ ਮੁਫਤ ਲਾਭ ਉਠਾ ਸਕਦੇ ਹਨ। ਕਾਲ ਕਰਨ ਵਾਲੇ ਦੀ ਸਾਰੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ ਟੈਲੀ-ਮਾਨਸ ਦੀ ਆਪਣੀ ਮੋਬਾਇਲ ਐਪ ਹੈ। ਜਿਸ ਵਿੱਚ ਕਈ ਤਰ੍ਹਾਂ ਦੀਆਂ ਮਾਨਸਿਕ ਸਿਹਤ ਸਮੱਸਿਆਵਾਂ ਜਿਵੇਂ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ , ਉਦਾਸੀ, ਚਿੰਤਾ, ਨੀਂਦ ਨਾ ਆਉਣਾ, ਤਣਾਅ, ਵਹਿਮ ਭਰਮ,ਪ੍ਰੀਖਿਆ ਤਣਾਅ,ਵਿੱਤੀ ਤਣਾਅ,ਸੰਕਟ ਪ੍ਰਬੰਧਨ,ਪਰਿਵਾਰਕ ਮੁੱਦਿਆਂ ਬਾਰੇ ਅਤੇ ਆਪਣੇ ਆਪ ਨੂੰ ਮਾਰਨ ਦੇ ਵਿਚਾਰ ਆਦਿ ਬਾਰੇ ਸਲਾਹ ਮਸ਼ਵਰਾ ਫੋਨ ਕਾਲ ਰਾਹੀਂ ਪ੍ਰਦਾਨ ਕੀਤਾ ਜਾਂਦਾ ਹੈ। ਜਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਕੁਲਦੀਪ ਸਿੰਘ ਮਾਨ ਅਤੇ ਜ਼ਿਲ੍ਹਾ ਬੀ ਸੀ ਸੀ ਕੋਆਰਡੀਨੇਟਰ ਹਰਜੀਤ ਸਿੰਘ ਅਤੇ ਸੁਖਪਾਲ ਸਿੰਘ ਸਹਾਇਕ ਨੇ ਦੱਸਿਆ ਕਿ ਟੈਲੀ-ਮਾਨਸ ਟੋਲ ਫਰੀ ਨੰਬਰ ਰਾਹੀਂ ਉਪਭੋਗਤਾ ਆਪਣੀ ਮਾਨਸਿਕ ਸਿਹਤ ਸੰਬੰਧੀ ਚਿੰਤਾਵਾਂ ਦੇ ਅਨੁਸਾਰ ਸਲਾਹਕਾਰਾਂ,ਸਮਾਜ ਸੇਵਕਾਂ ਅਤੇ ਮਨੋਵਿਗਿਆਨੀਆਂ ਨਾਲ ਜੁੜ ਸਕਦੇ ਹਨ ਟੈਲੀ- ਮਾਨਸ ਲੋੜ ਪੈਣ ਤੇ ਵਿਅਕਤੀਗਤ ਸੇਵਾਵਾਂ ਵੀ ਪ੍ਰਦਾਨ ਕਰਦਾ ਹੈ। ਇਸ ਰਾਹੀਂ ਵੀਡੀਓ ਕਾਲ ਰਾਹੀਂ ਦਵਾਈ ਬਾਰੇ ਜਾਣਕਾਰੀ ਲਈ ਜਾ ਸਕਦੀ ਹੈ।

### ਸਿੱਖ ਯੂਥ ਯੂਕੇ ਵਲੋਂ ਗੁਰੂਮਿੰਗ ਗੈਂਗ ਵਿਰੁੱਧ ਸੁਚੇਤ ਕਰਣ ਲਈ ਸਿੱਖ ਰਿਟਰੀਟਸ ਰਾਹੀਂ

# ਇਲਾਜ, ਸਹਾਇਤਾ ਅਤੇ ਸੁਰੱਖਿਆ ਦਾ ਇੱਕ ਪਰਿਵਰਤਨਸ਼ੀਲ ਹਫ਼ਤਾ









**ਨਵੀਂ ਦਿੱਲੀ 25 ਫਰਵਰੀ (ਮਨਪ੍ਰੀਤ ਸਿੰਘ ਖਾਲਸਾ):-** ਸਿੱਖ ਯੂਥ ਵਲੋਂ ਸਿੱਖਾਂ ਵਿਰੁੱਧ ਵੱਧ ਰਹੇ ਗੁਰੂਮਿੰਗ ਗੈਂਗਾ ਵਲੋਂ ਵਰਗਲਾਣ ਤੋਂ ਸੁਚੇਤ ਕਰਣ ਲਈ ਸਿੱਖ ਰਿਟਰੀਟਸ 2026 ਰਾਹੀਂ ਇੱਕ ਸ਼ਕਤੀਸ਼ਾਲੀ ਅਤੇ ਹਮਦਰਦੀ ਭਰੀ ਪਹਿਲਕਦਮੀ ਪ੍ਰਦਾਨ ਕੀਤੀ ਗਈ ਜੋ ਸੰਗਤ ਦੇ ਮੈਂਬਰਾਂ ਨੂੰ ਉਨ੍ਹਾਂ ਦੇ ਰੋਜ਼ਾਨਾ ਜੀਵਨ ਵਿੱਚ ਜਿਨਸੀ ਸ਼ਿੰਗਾਰ ਅਤੇ ਨਸ਼ਾ-ਮੁਕਤੀ ਅਤੇ ਹੋਰ ਸੰਬੰਧਿਤ ਚੁਣੌਤੀਆਂ ਤੋਂ ਪ੍ਰਭਾਵਿਤ ਕਰਨ ਲਈ ਸਮਰਪਿਤ ਸੀ । ਭਾਈ ਦੀਪਾ ਸਿੰਘ ਨੇ ਦਸਿਆ ਇਸ ਰਿਟਰੀਟ ਨੇ ਵਿਅਕਤੀਆਂ ਅਤੇ ਪਰਿਵਾਰਾਂ ਲਈ ਮਾਰਗਦਰਸ਼ਨ, ਇਲਾਜ ਅਤੇ ਨਵੀਂ ਤਾਕਤ ਦੀ ਭਾਲ ਕਰਨ ਲਈ ਇੱਕ ਸੁਰੱਖਿਅਤ, ਪਾਲਣ-ਪੋਸ਼ਣ ਅਤੇ ਅਧਿਆਤਮਿਕ ਤੌਰ 'ਤੇ ਆਧਾਰਿਤ ਵਾਤਾਵਰਣ ਪ੍ਰਦਾਨ ਕੀਤਾ।ਇੱਕ ਪੂਰੇ ਹਫ਼ਤੇ ਦੇ ਦੌਰਾਨ, ਹਾਜ਼ਰੀਨ ਨੂੰ ਨਾ ਸਿਰਫ਼ ਵਿਅਕਤੀਆਂ ਲਈ ਸਗੋਂ ਉਨ੍ਹਾਂ ਦੇ ਪਰਿਵਾਰਾਂ ਲਈ ਵੀ ਵਿਆਪਕ ਰੈਪਰਾਊਂਡ ਸਹਾਇਤਾ ਪ੍ਰਾਪਤ ਹੋਈ। ਇਹ ਮੰਨਦੇ ਹੋਏ ਕਿ ਇਹ ਚੁਣੌਤੀਆਂ ਪੂਰੇ ਘਰਾਂ ਅਤੇ ਭਾਈਚਾਰਿਆਂ ਨੂੰ ਪ੍ਰਭਾਵਤ ਕਰਦੀਆਂ ਹਨ, ਇਸ ਰਿਟਰੀਟ ਨੂੰ ਲਚਕੀਲੇਪਣ, ਜਾਗਰੂਕਤਾ ਅਤੇ ਸਮੂਹਿਕ ਇਲਾਜ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ ਸੀ। ਸਿੱਖ ਰਿਟਰੀਟਸ ਨੂੰ ਰਵਾਇਤੀ ਕੈਂਪਾਂ ਤੋਂ ਵੱਖ ਕਰਨ ਵਾਲੀ ਚੀਜ਼ ਤੰਦਰੁਸਤੀ, ਸੁਰੱਖਿਆ ਅਤੇ ਰੋਕਥਾਮ 'ਤੇ ਇਸਦਾ ਸਕਾਰਾਤਮਕ ਧਿਆਨ ਹੈ - ਜਦੋਂ ਕਿ ਸਿੱਖੀ ਨੂੰ ਇਸਦੇ ਮੁੱਖ ਤੱਤ ਵਜੋਂ ਬਣਾਈ ਰੱਖਿਆ ਜਾਂਦਾ ਹੈ। ਇਸ ਪ੍ਰੋਗਰਾਮ ਵਿੱਚ ਸਿੱਖ ਵਿਦਿਅਕ ਵਰਕਸ਼ਾਪਾਂ ਜੋ ਕਿ ਜਾਗਰੂਕਤਾ, ਨਸ਼ਾ ਮੁਕਤੀ, ਅਤੇ ਸੁਰੱਖਿਆ ਨੂੰ ਸੰਬੋਧਿਤ ਕਰਦੀਆਂ ਹਨ, ਸ਼ੁਰੂਆਤੀ ਚੇਤਾਵਨੀ ਸੰਕੇਤਾਂ ਨੂੰ ਪਛਾਣਨ ਅਤੇ ਜ਼ਬਰਦਸਤੀ ਜਾਂ ਹੇਰਾਫੇਰੀ ਨੂੰ ਰੋਕਣ ਲਈ ਵਿਹਾਰਕ ਸਾਧਨ, ਸਿੱਖ ਸਿਧਾਂਤਾਂ ਨਾਲ ਵਿਸ਼ਵਾਸ, ਲਚਕੀਲਾਪਣ ਅਤੇ ਸੂਚਿਤ ਫੈਸਲੇ ਲੈਣ ਲਈ ਸਸ਼ਕਤੀਕਰਨ ਅਤੇ ਸੈਸ਼ਨ ਹਾਜ਼ਰੀਨ ਨੂੰ ਨੁਕਸਾਨਦੇਹ ਪ੍ਰਭਾਵਾਂ ਅਤੇ ਨਕਾਰਾਤਮਕ ਵਾਤਾਵਰਣਾਂ ਤੋਂ ਦੂਰ ਰੱਖਣ ਵਿੱਚ ਮਦਦ ਕਰਨ ਲਈ ਸੁਰੱਖਿਅਤ, ਸਕਾਰਾਤਮਕ ਸੰਗਤ ਸ਼ਾਮਲ ਸਨ। ਭਾਗੀਦਾਰਾਂ ਨੂੰ ਨਾ ਸਿਰਫ਼ ਸਹਾਇਤਾ ਨਾਲ ਸਗੋਂ ਗਿਆਨ ਨਾਲ ਲੈਸ ਛੱਡਿਆ ਗਿਆ - ਉਹਨਾਂ ਨੂੰ ਆਪਣੀ ਰੱਖਿਆ ਕਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀ ਸੁਰੱਖਿਆ ਵਿੱਚ ਯੋਗਦਾਨ ਪਾਉਣ ਲਈ ਸ਼ਕਤੀ ਪ੍ਰਦਾਨ ਕਰਨ ਬਾਰੇ ਜਾਗਰੂਕ ਕੀਤਾ ਗਿਆ ਸੀ । ਰਿਟਰੀਟ ਸੇਵਾਦਾਰਾਂ ਦੇ ਅਸਾਧਾਰਨ ਸਮਰਪਣ ਦੁਆਰਾ ਸੰਭਵ ਹੋਇਆ ਜਿਨ੍ਹਾਂ ਨੇ ਭਾਈਚਾਰੇ ਦੇ ਅੰਦਰ ਵਰਜਿਤ ਅਤੇ ਅਕਸਰ ਅਣਕਹੇ ਮੁੱਦਿਆਂ ਨਾਲ ਨਜਿੱਠਣ ਵਿੱਚ ਇੱਕ ਅਰਥਪੂਰਨ ਫਰਕ ਲਿਆਉਣ ਲਈ ਖੁੱਲ੍ਹੇ ਦਿਲ ਨਾਲ ਆਪਣਾ ਸਮਾਂ, ਊਰਜਾ ਅਤੇ ਸਰੋਤ ਦਿੱਤੇ। ਉਨ੍ਹਾਂ ਦੀ ਵਚਨਬੱਧਤਾ ਨੇ ਦੇਖਭਾਲ, ਹਮਦਰਦੀ ਅਤੇ ਪੇਸ਼ੇਵਰਤਾ ਨਾਲ ਭਰੇ ਇੱਕ ਹਫ਼ਤੇ ਨੂੰ ਯਕੀਨੀ ਬਣਾਇਆ। ਰਿਟਰੀਟ ਦਾ ਪ੍ਰਭਾਵ ਮਹੱਤਵਪੂਰਨ ਰਿਹਾ ਹੈ, ਜਿਸ ਵਿੱਚ ਹਾਜ਼ਰੀਨ ਅਤੇ ਉਨ੍ਹਾਂ ਦੇ ਪਰਿਵਾਰਾਂ ਤੋਂ ਬਹੁਤ ਜ਼ਿਆਦਾ ਸਕਾਰਾਤਮਕ ਫੀਡਬੈਕ ਮਿਲਿਆ ਹੈ। ਕਈਆਂ ਨੇ ਇਸ ਅਨੁਭਵ ਨੂੰ ਜੀਵਨ ਬਦਲਣ ਵਾਲਾ ਦੱਸਿਆ - ਸਪਸ਼ਟਤਾ, ਉਮੀਦ ਅਤੇ ਆਪਣੇ ਆਪਸੀ ਸਬੰਧਾਂ ਦੀ ਇੱਕ ਨਵੀਂ ਭਾਵਨਾ ਦੀ ਪੇਸ਼ਕਸ਼ ਕਰਦਾ ਹੈ। ਅਧਿਆਤਮਿਕ ਪ੍ਰੇਰਨਾ ਅਤੇ ਉਤਸ਼ਾਹਜਨਕ ਵਾਈਬਸ ਨਾਲ ਭਰੇ ਵਰਕਸ਼ਾਪਾਂ ਅਤੇ ਦੀਵਾਨਾਂ ਦੇ ਨਾਲ, ਰਿਟਰੀਟ ਨੇ ਆਤਮਵਿਸ਼ਵਾਸ, ਟੀਮ ਵਰਕ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤੀਆਂ ਗਈਆਂ ਦਿਲਚਸਪ ਬਾਹਰੀ ਗਤੀਵਿਧੀਆਂ ਦੀ ਇੱਕ ਸ਼੍ਰੇਣੀ ਪੇਸ਼ ਕੀਤੀ।ਇਸ ਪ੍ਰੋਗਰਾਮ ਵਿਚ ਹਾਜ਼ਰੀਨ ਨੇ ਤੀਰਅੰਦਾਜ਼ੀ, ਕੈਨੋਇੰਗ, ਜ਼ਿਪ ਵਾਇਰ, ਵਿਸ਼ਵਾਸ ਦੀਆਂ ਚੁਣੌਤੀਆਂ ਦੀ ਛਾਲ ਅਤੇ ਟੀਮ-ਨਿਰਮਾਣ ਅਭਿਆਸ ਅਤੇ ਮਨੋਰੰਜਨ ਗਤੀਵਿਧੀਆਂ ਦਾ ਆਨੰਦ ਮਾਣਿਆ ਸੀ ।ਇਨ੍ਹਾਂ ਤਜ਼ਰਬਿਆਂ ਨੇ ਹਾਜ਼ਰੀਨ ਨੂੰ ਰੋਜ਼ਾਨਾ ਦਬਾਅ ਤੋਂ ਬਹੁਤ ਜ਼ਰੂਰੀ ਬ੍ਰੇਕ ਪ੍ਰਦਾਨ ਕੀਤਾ, ਜਿਸ ਨਾਲ ਮੁਸਕਰਾਹਟ, ਹਾਸਾ ਅਤੇ ਸੱਚਾ ਸਬੰਧ ਪੂਰੇ ਹਫ਼ਤੇ ਵਿੱਚ ਵਧਦਾ-ਫੁੱਲਦਾ ਰਿਹਾ।ਉਨ੍ਹਾਂ ਦਸਿਆ ਹਰ ਸਾਲ ਸਿੱਖ ਰਿਟਰੀਟ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਸਮਾਂ, ਮਿਹਨਤ ਅਤੇ ਵਿੱਤੀ ਸਰੋਤ ਵਰਤੇ ਜਾਂਦੇ ਹਨ। ਹਾਲਾਂਕਿ, ਵਿਅਕਤੀਆਂ, ਪਰਿਵਾਰਾਂ ਅਤੇ ਵਿਸ਼ਾਲ ਸੰਗਤ 'ਤੇ ਡੂੰਘਾ ਸਕਾਰਾਤਮਕ ਪ੍ਰਭਾਵ ਪ੍ਰੋਗਰਾਮ ਦੇ ਆਯੋਜਨ ਵਿੱਚ ਆਉਣ ਵਾਲੀਆਂ ਕਿਸੇ ਵੀ ਚੁਣੌਤੀਆਂ ਤੋਂ ਕਿਤੇ ਵੱਧ ਹੈ।



ਸਿੱਖ ਰਿਟਰੀਟ ਆਪਣੀਆਂ ਪਹਿਲਕਦਮੀਆਂ ਦਾ ਵਿਸਥਾਰ ਕਰਨ, ਹਿੰਮਤ ਅਤੇ ਹਮਦਰਦੀ ਨਾਲ ਸੰਵੇਦਨਸ਼ੀਲ ਮੁੱਦਿਆਂ ਨੂੰ ਹੱਲ ਕਰਨਾ ਜਾਰੀ ਰੱਖਣ, ਅਤੇ ਸਿੱਖਿਆ, ਵਿਸ਼ਵਾਸ ਅਤੇ ਭਾਈਚਾਰਕ ਏਕਤਾ ਦੁਆਰਾ ਆਉਣ ਵਾਲੀਆਂ ਪੀੜ੍ਹੀਆਂ ਦੀ ਰੱਖਿਆ ਕਰਨ ਲਈ ਵਚਨਬੱਧ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਇਤਿਹਾਸ ਗੁਰਦੁਵਾਰਾ ਆਰਤੀ ਸਾਹਿਬ ਜਗਨ ਨਾਥ ਪੁਰੀ ਉੜੀਸਾ

ਸ਼੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਉਦਾਸੀ ਸਮੇ 1508 ਈਸਵੀ ਨੂੰ ਸੰਸਾਰ ਦਾ ਭਰਮਣ ਕਰਦੇ ਹੋਏ ਜਗਨ ਨਾਥ ਪੁਰੀ ਉੜੀਸਾ ] ਪਹੁੰਚਣਾ ਕੀਤਾ, ਜਿੱਥੇ ਜਗਨ ਨਾਥ ਜੀ ਦਾ ਮੰਦਿਰ ਸਥਿਤ ਹੈ, ਉਥੇ ਹਰ ਰੋਜ਼ ਸ਼ਾਮ ਨੂੰ ਜਗਨ ਨਾਥ ਜੀ ਆਰਤੀ ਕੀਤੀ ਜਾਂਦੀ ਹੈ, ਸ਼ਾਮ ਨੂੰ ਠਾਕੁਰ ਜੀ ਨੂੰ ਭੋਜਨ ਪ੍ਰਸ਼ਾਦੇ ਦਾ ਭੋਗ ਲਵਾਇਆ ਜਾਂਦਾ ਹੈ, ਸ਼੍ਰੀ ਗੁਰੂ ਨਾਨਕ ਦੇਵ ਜੀ ਵੀ ਭਾਈ ਮਰਦਾਨੇ ਨੂੰ ਨਾਲ ਲੈਕੇ ਜਗਨ ਨਾਥ ਦੇ ਮੰਦਿਰ ਵਿੱਚ ਜਾਣ ਲਈ ਤਿਆਰ ਹੋਏ, ਜਦੋ ਗੁਰੂ ਜੀ ਮੰਦਿਰ ਵਿੱਚ ਪ੍ਰਵੇਸ਼ ਕਰਨ ਲੱਗੇ ਤਾਂ ਉਥੋਂ ਦੇ ਪੁਜਾਰੀਆਂ ਪੰਡਿਆ ਨੇ ਅੰਦਰ ਜਾਣ ਤੋਂ ਮਨਾਹੀ ਕਰ ਦਿੱਤੀ, ਗੁਰੂ ਜੀ ਨੇ ਭਾਈ ਮਰਦਾਨੇ ਨੂੰ ਕਿਹਾ ਚਲੋ ਭਾਈ ਆਪਾਂ ਬਾਹਰ ਹੀ ਬੈਠ ਜਾਂਦੇ ਹਾਂ, ਆਪਾਂ ਨੂੰ ਜਗਨ ਨਾਥ ਆਪ ਬੁਲਾਏਗਾ ਤਾਂ ਹੀ ਜਾਵਾਂਗੇ, ਗੁਰੂ ਜੀ ਬਾਹਰ ਇੱਕ ਬੋਹੜ ਦੇ ਥੱਲੇ ਬਣੇ ਥੜੇ ਉਤੇ ਬੈਠ ਗਏ, ਜਦੋ ਜਗਨ ਨਾਥ ਨੂੰ ਭੋਗ ਲਗਾਉਣ ਦਾ ਸਮਾਂ ਆਇਆ, ਪਾਂਡਿਆਂ ਨੇ ਹਰ ਰੋਜ਼ ਵਾਂਗ ਥਾਲ ਰੱਖਿਆ ਤਾਂ ਸ਼੍ਰੀ ਠਾਕੁਰ ਜੀ ਨੂੰ ਭੋਗ ਲਗਾਉਣ ਲਈ, ਸ਼੍ਰੀ ਠਾਕੁਰ ਨੇ ਪ੍ਰਸ਼ਾਦ ਨੂੰ ਭੋਗ ਨਾ ਲਗਾਇਆ, ਪੰਡਿਆ ਨੇ ਗੱਲ ਵਿੱਚ ਪਲੂ ਪਾ ਕੇ ਖੜ੍ਹੇ ਹੋ ਕੇ ਬਹੁਤ ਬੇਨਤੀ ਕੀਤੀ, ਠਾਕੁਰ ਜੀ ਅਗਰ ਕੀ ਸਾਡੇ ਤੋਂ ਕੋਈ ਅਵਗਿਆਂ ਭੁੱਲ, ਹੋ ਗਈ ਹੈ ਤਾਂ ਮੁਆਫ ਕਰ ਦਿਉ, ਜਦੋ ਬ੍ਰਾਹਮਣ ਲਾਚਾਰ ਹੋ ਗਏ ਠਾਕੁਰ ਜੀ ਨੇ ਪ੍ਰਗਟ ਹੋ ਕੇ ਕਿਹਾ, ਕਿ ਤੁਸੀਂ ਨਾਨਕ ਨਿਰੰਕਾਰ ਨੂੰ ਮੇਰੇ ਦਰ ਉਤੇ ਆਉਣ ਨਹੀਂ ਦਿੱਤਾ, ਇਸ ਕਰਕੇ ਤੁਸੀਂ ਬਹੁਤ ਵੱਡੀ ਅਵਗਿਆ ਕੀਤੀ ਹੈ, ਉਸ ਮੇਰੇ ਪਰਮ ਪਿਆਰੇ ਕੋ ਲਿਆਉ ਤਾਂ ਹੀ ਭੋਗ ਲਗੇਗਾ, ਇਹ ਜਗਨ ਨਾਥ ਦਾ ਹੁਕਮ ਹੋਇਆ, ਸਾਰੇ ਪਾਂਡੇ ਬਾਹਰ ਆ ਕੇ ਹੱਥ ਬੰਨ ਕੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰੀ ਪੈ ਗਏ, ਲਗੇ ਭੁੱਲ ਬਖਸ਼ਾਉਣ ਕਿ ਸਾਨੂੰ ਮੁਆਫ ਕਰ ਦਿਉ, ਭਗਤ ਜੀ ਸ਼੍ਰੀ ਬੋਧਾ ਅਵਤਾਰ ਜੀ ਕਿ ਆਗਿਆ ਹੈ, ਤੁਸੀਂ ਮੰਦਿਰ ਦੇ ਅੰਦਰ ਚਲੋਗੇ ਤਾਂ ਸ਼੍ਰੀ ਠਾਕੁਰ ਜੀ ਪ੍ਰਸ਼ਾਦ ਖਾਣਗੇ, ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਪੰਡਿਆ ਨੂੰ ਕਿਹਾ ਕਿ ਭਾਈ ਤੁਸੀਂ ਸਾਨੂੰ ਠਾਕੁਰ ਜੀ ਦੇ ਮੰਦਿਰ ਅੰਦਰ ਨਹੀਂ ਜਾਣ ਦਿੱਤਾ, ਤਾਂ ਅਸੀਂ ਆਪਣੇ ਮੰਦਿਰ ਅੰਦਰ ਵਿੱਚ ਹੀ ਠਾਕੁਰ ਜੀ ਦਾ ਦਰਸ਼ਨ ਕੀਤਾ ਹੈ, ਹੁਣ ਤੁਸੀਂ ਜਾਉ ਜਾ ਕਰ ਸ਼੍ਰੀ ਨਿਰੰਕਾਰ ਜੀ ਨੂੰ ਭੋਗ ਲਗਾਉ, ਫਿਰ ਬਾਹਮਣਾਂ ਨੇ ਬੇਨਤੀ ਕੀਤੀ, ਸੁਆਮੀ ਜੀ ਸਾਨੂੰ ਤੁਹਾਡੇ ਬਾਰੇ ਪਤਾ ਨਹੀਂ ਸੀ , ਸਾਡੇ ਤੋਂ ਭੁੱਲ ਹੋ ਗਈ ਹੈ ਸਾਨੂੰ ਮੁਆਫ ਕਰ ਦਿਉ, ਗੁਰੂ ਜੀ ਉਠਕੇ ਕੇ ਅੰਦਰ ਗਏ, ਠਾਕੁਰ ਜੀ ਦਾ ਦਰਸ਼ਨ ਕੀਤਾ, ਫਿਰ ਪਾਂਡੇ ਆਰਤੀ ਕਰਨ ਲੱਗੇ ,ਗੁਰੂ ਜੀ ਬੈਠੇ ਰਹੇ, ਪੰਡਿਆ ਨੇ ਗੁਰੂ ਜੀ ਨੂੰ ਪੁੱਛਣਾ ਕੀਤਾ, ਭਗਤ ਜੀ ਤੁਸੀਂ ਆਰਤੀ ਦੇ ਵਕਤ ਉਂਠਕੇ ਨਹੀਂ ਖੜੋਤੇ ?ਤਦ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਸੁਆਮੀ ਜੀ ,ਏਕ ਆਰਤੀ ਈਸ਼ਵਰ ਦੀ ਹੁੰਦੀ ਹੈ ਇਕ ਆਰਤੀ ਜੀਵ ਕੀ ਹੈ, ਤੁਸੀਂ ਦਸੋ ਕਿ ਹਮ ਕੈਸੀ ਆਰਤੀ ਕਰੀਏ, ਤਾਂ ਬ੍ਰਾਹਮਣਾਂ ਕੇ ਕਿਹਾ ਜੀ ਆਪ ਕਿ ਉਪਰ ਸ਼੍ਰੀ ਨਰਾਇਣ ਬੋਧਾ ਅਵਤਾਰ ਜੀ ਕਿ ਬੜੀ ਕਿਰਪਾ ਹੈ, ਜਿਵੇ ਕਹੋਗੇ ਭਲਾ ਹੀ ਕਹੋਗੇ ਤਾਂ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ ਧਨਾਸਰੀ ਵਿੱਚ ਸ਼ਬਦ ਉਚਾਰਿਆ :-ਰਾਗੁ ਧਨਾਸਰੀ ਮਹਲਾ 1 ॥ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥1॥ਕੈਸੀ ਆਰਤੀ ਹੋਇ ॥ਭਵ ਖੰਡਨਾ ਤੇਰੀ ਆਰਤੀ ॥ਅਨਹਤਾ ਸਬਦ ਵਾਜੰਤ ਭੇਰੀ ॥1॥ ਰਹਾਉ ॥ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥2॥ਸਭ ਮਹਿ ਜੋਤਿ ਜੋਤਿ ਹੈ ਸੋਇ ॥ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ਗੁਰ ਸਾਖੀ ਜੋਤਿ ਪਰਗਟੁ ਹੋਇ ॥ਜੋ ਤਿਸੁ ਭਾਵੈ ਸੁ ਆਰਤੀ ਹੋਇ ॥3॥ਹਰਿ ਚਰਣ ਕਵਲ ਮਕਰੰਦ ਲੋਭਿਤ ਮਨੋ ਅਨਦਿਨਦ. ਮੋਹਿ ਆਹੀ ਪਿਆਸਾ ॥ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਇ ਵਾਸਾ ॥4॥3॥ਇਹ ਆਰਤੀ ਸੁਣਨ ਕੇ ਸਭ ਗੁਰੂ ਜੀ ਦੇ ਚਰਣੀ ਆ ਲੱਗੇ, ਸ਼੍ਰੀ ਗੁਰੂ ਨਾਨਕ ਦੇਵ ਜੀ ਸਾਰਿਆਂ ਨੂੰ ਖੁਸ਼ ਕਰਕੇ ਮੰਦਿਰ ਦੇ ਬਾਹਰਲੇ ਪਾਸੇ ਕੋਈ 400 ਕੁ ਮੀਟਰ ਦੀ ਦੂਰੀ ਤੇ ਸਮੁੰਦਰ ਦੇ ਬਿਲਕੁਲ ਨਜ਼ਦੀਕ ਤੇ ਇੱਕ 38 ਪੌੜੀਆਂ ਦੀ ਬਾਉਲੀ ਬਣਵਾਈ, ਜੋ ਕਿ ਹੁਣ ਤਕ ਕਾਇਮ ਹੈ ਬਾਉਲੀ ਦਾ ਬਹੁਤ ਸੁੰਦਰ ਤੇ ਮਿੱਠਾ ਜਲ ਹੈ, ਤਾਂ ਉਥੋਂ ਦੇ ਲੋਕ ਔਰ ਰਾਜਾ ਸਭ ਲੋਕ ਗੁਰੂ ਜੀ ਕੇ ਸਿੱਖ ਹੋ ਗਏ, ਤਾਂ ਗੁਰੂ ਜੀ ਸਭ ਉੱਪਰ ਖੁਸ਼ੀ ਕੀਤੀ ,ਸਭ ਲੋਕ ਪ੍ਰਸੰਨ ਹੋਏ, ਸ਼੍ਰੀ ਗੁਰੂ ਨਾਨਕ ਦੇਵ ਜੀ ਜਗਨ ਨਾਥ ਜੀ ਦਾ ਦਰਸ਼ਨ ਕਰਕੇ ਉਥੋਂ ਅੱਗੇ ਸੰਸਾਰ ਦਾ ਭਰਮਣ ਕਰਨ ਵਾਸਤੇ ਚਲ ਪਏ, ਹੁਣ ਬਾਉਲੀ ਦੇ ਨੇੜੇ ਇੱਕ ਕਮਰਾ ਸਥਿਤ ਹੈ ਜਿਥੇ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਹੋਇਆ ਹੈ, ਪਰ ਜਗਨ ਨਾਥ ਦੇ ਮੰਦਿਰ ਦੇ ਥੱਲੇ ਥੜ੍ਹਾ ਸਥਿਤ ਹੈ, ਜਿਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਬੈਠੇ ਸਨ, ਪਰ ਉਥੇ ਮਜੂਦਾ ਪ੍ਰਬੰਧਕਾਂ ਨੇ ਗੁਰੂਦਵਾਰਾ ਸਾਹਿਬ ਨਹੀਂ ਬਣਾਉਣ ਦਿੱਤਾ, ਉਥੇ ਇੱਕ ਬੋਹੜ ਦਾ ਦਰਖਤ ਨਿਸ਼ਾਨੀ ਵਜੋਂ ਜ਼ਰੂਰ ਮਜੂਦ ਹੈ, ਉਹ ਵੀ ਹੁਣ ਚਾਰ ਦੀਵਾਰੀ ਦੇ ਅੰਦਰ ਕਰ ਲਿਆ ਹੈ, ਇੱਕ ਇੱਥੇ ਹੋਰ ਖਾਸ ਹੁਕਮ ਹੈ ਕਿ ਜਗਨ ਨਾਥ ਮੰਦਿਰ ਦੇ ਅੰਦਰ ਕੋਈ ਗੈਰ ਹਿੰਦੂ ਨਹੀਂ ਜਾ ਸਕਦਾ, ਕਿਸੇ ਹੋਰ ਧਰਮ ਦੇ ਲੋਕਾਂ ਨੂੰ ਅੰਦਰ ਜਾਣ ਦੀ ਪੂਰਨ ਤੌਰ ਤੇ ਮਨਾਹੀ ਹੈ, ਸਮਾਂ ਬੀਤਦਾ ਗਿਆ ਕਿਸੇ ਵੀ ਸਿੱਖ ਸੰਸਥਾ ਨੇ ਆਰਤੀ ਸਾਹਿਬ ਦੇ ਇਤਿਹਾਸਿਕ ਸਥਾਨ ਵਲ ਨਿਗ੍ਹਾ ਨਹੀਂ ਮਾਰੀ, ਪਰਮਾਤਮਾ ਦੀ ਇਹੋ ਜਿਹਾ ਭਾਣਾ ਵਰਤਿਆ ਕਿ 1999 ਵਿੱਚ ਇੱਕ ਬਹੁਤ ਵੱਡਾ ਸਮੁੰਦਰ ਵਿੱਚ ਤੂਫ਼ਾਨ ਆਇਆ, ਪੂਰਾ ਪੁਰੀ ਸ਼ਹਿਰ ਤੇ ਭੁਨੇਵੇਸ਼ਵਰ ਸਮੁੰਦਰੀ ਲਹਿਰਾਂ ਦਾ ਸ਼ਿਕਾਰ ਹੋ ਗਿਆ, ਇਥੋਂ ਦੇ ਲੋਕ ਦਾਣੇ ਦਾਣੇ ਨੂੰ ਤਰਸਣ ਲੱਗ ਪਏ, ਇਹਨਾਂ ਲੋਕਾਂ ਦੀ ਸਹਾਇਤਾ ਵਾਸਤੇ ਦੁਨੀਆਂ ਭਰ ਤੋਂ ਸੇਵੀ ਸੰਸਥਾਵਾਂ ਇਥੇ ਮਦਦ ਲਈ ਪਹੁੰਚੀਆਂ, ਜਿਹਨਾਂ ਵਿੱਚੋ ਖਾਸ ਕਰਕੇ ਪੰਜਾਬੀ ਤੇ ਦਿੱਲੀ ਦੇ ਸਿੱਖ ਸੈਕੜੇ ਹੀ ਟਰੱਕ ਰਾਸ਼ਨ ਦੇ ਭਰ ਕੇ ਇੱਥੇ ਲੈ ਕੇ ਆਏ, ਕੋਈ ਪੰਜ ਛੇ ਮਹੀਨੇ ਇਹਨਾਂ ਦੀ ਮਦਦ ਕਰਦੇ ਰਹੇ, ਬਹੁਤ ਸਾਰੀਆਂ ਸੰਸਥਾਵਾਂ ਵਾਪਿਸ ਚਲੀਆਂ ਗਈਆਂ, ਪਰ ਕੁਝ ਕੁ ਸਿੱਖ ਇਥੇ ਇਸ ਲਈ ਰਹਿ ਗਏ ਕਿ ਉਹਨਾਂ ਨੂੰ ਇਤਿਹਾਸ ਬਾਰੇ ਪਤਾ ਸੀ, ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਹਿਲੀ ਉਦਾਸੀ ਸਮੇਂ ਪੁਰੀ ਵਿੱਚ ਜਗਨ ਨਾਥ ਦੇ ਮੰਦਿਰ ਆਏ ਸਨ, ਪਰ ਇਥੇ ਹੀ ਉਹਨਾਂ ਨੇ ਆਰਤੀ ਦੀ ਬਾਣੀ ਦਾ ਉਚਾਰਨ ਕੀਤਾ ਸੀ, ਭਾਈ ਹਿੰਮਤ ਜੀ ਦਾ ਜਨਮ ਵੀ ਪੁਰੀ ਵਿਖੇ ਹੋਇਆ ਹੈ, ਭਾਈ ਹਿੰਮਤ ਸਿੰਘ ਜੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜਾਂ ਪਿਆਰਿਆਂ ਵਿੱਚੋ ਤੀਸਰੇ ਨੰਬਰ ਤੇ ਸੀਸ ਦੇਣ ਲਈ ਅੱਗੇ ਆਏ ਸਨ, ਜਿਹੜੇ ਬਾਅਦ ਵਿੱਚ ਚਮਕੌਰ ਦੀ ਗੜ੍ਹੀ ਵਿੱਚ 40 ਸਿੰਘਾਂ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨਾਲ ਸ਼ਹੀਦੀ ਪ੍ਰਾਪਤ ਕਰ ਗਏ ਸਨ, ਹੈ, ਪਰ ਉਹਨਾਂ ਦੇ ਘਰ ਦਾ ਟਿਕਾਣਾ ਅਜੇ ਤਕ ਕਿਸੇ ਨੂੰ ਵੀ ਪੂਰਾ ਪਤਾ ਨਹੀਂ ਚਲ ਸਕਿਆ, ਬਾਬਾ ਸ਼ਮਸ਼ੇਰ ਸਿੰਘ ਜੀ ਨੇ ਦਿੱਲੀ ਵਾਪਿਸ ਜਾਣ ਦੀ ਬਜਾਏ ਇੱਥੇ ਗੁਰੂ ਘਰ ਦੀ ਸੇਵਾ ਕਰਨ ਬਾਰੇ ਸੋਚ ਲਿਆ, ਬਹੁਤ ਮਿਹਨਤ ਕੀਤੀ ਕਿ ਜਗਨ ਨਾਥ ਜੀ ਦੇ ਮੰਦਿਰ ਕੋਲ ਜਿੱਥੇ ਸ਼੍ਰੀ ਗੁਰੂ ਨਾਨਕ ਦੇਵ ਜੀ ਆਏ ਆਸਨ ਲਾਏ ਸਨ, ਉਥੇ ਜ਼ਮੀਨ ਲੈ ਕੇ ਗੁਰੁਦੁਵਾਰਾ ਬਣਾਇਆ ਜਾਵੇ, ਪਰ ਇਹ ਕਾਰਜ ਸਿਰੇ ਨਹੀਂ ਚੜ੍ਹ ਸੱਕਿਆ, ਉਥੋਂ ਦੀਆਂ ਕਮੇਟੀਆਂ ਤੇ ਪ੍ਰਬੰਧਕਾਂ ਨੇ ਉਥੇ ਜ਼ਮੀਨ ਦੇਣ ਤੋਂ ਬਿਲਕੁਲ ਇੰਨਕਾਰ ਕਰ ਦਿੱਤਾ, ਬੇਸ਼ਕ ਅਜੇ ਵੀ ਕਾਨੂੰਨੀ ਲੜਾਈ ਜਾਰੀ ਹੈ, ਉਸ ਦਾ ਕਿਸੇ ਨੂੰ ਪਤਾ ਨਹੀਂ ਕਿ ਕੀ ਹੁਕਮ ਆਵੇਗਾ, ਪਰ ਬਾਬਾ ਸ਼ਮਸ਼ੇਰ ਸਿੰਘ ਜੀ ਨੇ ਆਪਣੀ ਸਾਰੀ ਦਿੱਲੀ ਵਾਲੀ ਜ਼ਮੀਨ ਜਾਇਦਾਦ ਵੇਚ ਕੇ ਜਗਨ ਨਾਥ ਮੰਦਿਰ ਤੋਂ ਇੱਕ ਕਿਲੋਮੀਟਰ ਦੂਰੀ ਤੇ ਲਾਈਟਾਂ ਕੋਲ ਦੋ ਪਲਾਟ ਜਮੀਨ ਮੁੱਲ ਲਈ, ਜਿੱਥੇ 2006-07 ਵਿੱਚ ਗੁਰਦੁਵਾਰਾ ਸਾਹਿਬ ਬਣਾਉਣਾ ਸ਼ੁਰੂ ਕੀਤਾ, ਜਿਸ ਦਾ ਨਾਂਅ ਗੁਰਦੁਵਾਰਾ ਆਰਤੀ ਸਾਹਿਬ ਰੱਖਿਆ ਹੈ, ਇਹ ਗੁਰਦੁਵਾਰਾ ਸਾਹਿਬ ਦੀ ਆਲੀਸ਼ਾਨ ਇਮਾਰਤ 2013 ਵਿੱਚ ਸੰਪੂਰਨ ਹੋਈ, ਜਿਸ ਦਾ ਉਦਘਾਟਨ ਸੇਵਾ ਮੁਕਤ ਸਿੰਘ ਸਾਹਿਬ ਸਿੰਘ ਗਿਆਨੀ ਗੁਰਬਚਨ ਸਿੰਘ ਜਥੇਦਾਰ ਅਕਾਲ ਤਖਤ ਸਾਹਿਬ ਦੁਆਰਾ ਕੀਤਾ ਗਿਆ, ਸੰਗਤਾਂ ਨੇ ਬਹੁਤ ਸੇਵਾ ਭਾਵਨਾ ਨਾਲ ਇਹ ਕਾਰਜ ਸਿਰੇ ਚੜ੍ਹਾਇਆ ਹੈ, ਹੁਣ ਇਸ ਗੁਰਦੁਵਾਰਾ ਸਾਹਿਬ ਦੀ ਸਾਰੀ ਬਿਲਡਿੰਗ ਏਅਰ ਕੰਡੀਸ਼ਨਰ ਹੈ, ਸੰਗਤਾਂ ਦੇ ਰਹਿਣ ਲਈ ਬਹੁਤ ਸਾਰੇ ਕਮਰੇ ਹਨ, ਖੁਲਾ ਡੁਲਾ ਹਾਲ ,ਚੌਵੀ ਘੰਟੇ ਲੰਗਰ ਚਲਦਾ ਹੈ, ਬਾਬਾ ਸਮਸ਼ੇਰ ਸਿੰਘ ਦੀ ਮਿਹਨਤ ਨੂੰ ਉਸ ਸਮੇ ਬੂਰ ਪਿਆ, ਜਦੋਂ ਉੜੀਸਾ ਸਰਕਾਰ ਨੇ ਗੁਰਦੁਵਾਰਾ ਆਰਤੀ ਸਾਹਿਬ ਦੇ ਬਿਲਕੁਲ ਸਾਹਮਣੇ ਦੋ ਏਕੜ ਜਮੀਨ ਵਿੱਚ ਭਾਈ ਹਿੰਮਤ ਸਿੰਘ ਦੇ ਨਾਂਅ ਤੇ ਇੱਕ ਬਹੁਤ ਹੀ ਵਧੀਆ ਪਾਰਕ ਬਣਾ ਕੇ ਦਿੱਤਾ ਹੈ, ਸਮੁੰਦਰ ਦਾ ਦ੍ਰਿਸ ਵੀ ਵੇਖਣਯੋਗ ਹੈ, ਜਦੋ ਵੀ ਕਿਸੇ ਨੂੰ ਸਮਾਂ ਮਿਲੇ ਤਾਂ ਪਰਿਵਾਰ ਸਮੇਤ ਗੁਰਦੁਵਾਰਾ ਆਰਤੀ ਸਾਹਿਬ ਦੇ ਦਰਸਨ ਦੀਦਾਰੇ ਜ਼ਰੂਰ ਕਰਕੇ ਆਇਓ,

ਆਵਾਜ਼ਿ ਕੌਮ AWAZE QAUM International Newspaper & WEB TV



-ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ 758915550

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਵਾਰਸ ਪੰਜਾਬ ਦੇ ਜਥੇਬੰਦੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜਾਂ ਪਿਆਰਿਆਂ ਦੀ ਅਗਵਾਈ 'ਚ

# ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਖਾਲਸਾ ਵਹੀਰ ਦਾ ਹੋਇਆ ਆਗਾਜ : ਬਾਬਾ ਬਿਬੇਕ ਸਿੰਘ





ਜੰਡਿਆਲਾ ਗੁਰੂ 25 ਫਰਵਰੀ ( ਕੁਲਵੰਤ ਸਿੰਘ ਵਿਰਦੀ ) ਅੱਜ ਪਾਵਨ ਧਰਤੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਸਥਿਤ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅਸਥਾਨ ਮਹਾਨ ਸ੍ਰੀ ਆਕਾਲ ਤਖਤ ਸਾਹਿਬ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆ ਦੀ ਅਗਵਾਈ ਵਿੱਚ ਵਿਸਾਲ ਨਗਰ ਕੀਰਤਨ ਦੇ ਰੂਪ ਵਿੱਚ ਖਾਲਸਾ ਵਹੀਰ ਦਾ ਆਗਾਜ ਕੀਤਾ ਗਿਆ ਇਸ ਸੰਬੰਧੀ ਜਾਣਕਾਰੀ ਦਿੰਦਿਆ ਹੋਇਆ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਦੇ ਮੁੱਖ ਸੇਵਾਦਾਰ ਅਤੇ ਅਕਾਲੀ ਦਲ ਵਾਰਿਸ ਪੰਜਾਬ ਦੇ ਹਲਕਾ ਜੰਡਿਆਲਾ ਗੁਰੂ ਦੇ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਨੇ ਅੱਗੇ ਕਿਹਾ ਕਿ ਇਹ ਖਾਲਸਾ ਵਹੀਰ ਖਾਲਸੇ ਪੰਥ ਦੀ ਚੜ੍ਹਦੀ ਕਲ੍ਹਾ ਤੇ ਪੰਜਾਬ ਦੀ ਨੌਜਵਾਨੀ ਜੋ ਕੁਰਾਹੇ ਪੈ ਚੁੱਕੀ ਹੈ ਨੂੰ ਬਚਾਉਣ ਵਾਸਤੇ ਆਰੰਭ ਕੀਤੀ ਗਈ ਹੈ ! ਕੁਝ ਸਾਲ ਪਹਿਲਾਂ ਵਾਰਿਸ ਪੰਜਾਬ ਦੇ ਮੁੱਖੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੀ ਵੱਲੋਂ ਪੂਰੇ ਪੰਜਾਬ ਚ ਨੌਜਵਾਨਾਂ ਨੂੰ ਨਾਲ ਲੈ ਕਿ ਖਾਲਸਾ ਵਹੀਰ ਕੱਢੀ ਗਈ ਸੀ ਜਿੰਨਾਂ ਉਪਰ ਨਜਾਇਜ ਐਨ ਐਸ ਏ ਲਗਾ ਕਿ ਭਾਈ ਸਾਹਬ ਨੂੰ ਡਿਬਰੂਗੜ ਜੇਲ੍ਹ ਵਿੱਚ ਬੰਦ ਕੀਤਾ ਹੋਇਆ ਹੈ ! ਅੱਗੇ ਬਾਬਾ ਬਿਬੇਕ ਸਿੰਘ ਨੇ ਕਿਹਾ ਕਿ ਵੈਸੇ ਤਾਂ ਸੱਚ ਬੋਲਣ ਵਾਲਿਆਂ ਉਪਰ ਸੂਰੂ ਤੋਂ ਹੀ ਜੁਲਮ ਹੁੰਦਾ ਰਿਹਾ ਹੈ ਪਰ ਇਸ ਉਪਰ ਬਹੁਤੀ ਗੱਲ ਨਾ ਕਰਦੇ ਹੋਏ ਉਨਾ ਕਿਹਾ ਕਿ ਅੱਜ ਖਾਲਸਾ ਵਹੀਰ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਆਰੰਭ ਹੋ ਕਿ ਮਾਨਾਂਵਾਲਾ ਵਿਖੇ ਪਹੁੰਚੀ ਅਤੇ ਫਲਾਈਓਵਰ ਤੋਂ ਹੁੰਦਿਆਂ ਹੋਇਆ ਪਿੰਡ ਬੰਡਾਲਾ ਵਿਖੇ ਲੰਗਰ ਪੜਾਅ ਤੇ ਰੁਕੇਗੀ ਅਤੇ ਉਥੋਂ ਚਾਲੇ ਪਾ ਕਿ ਵਾਇਆ ਤਰਨਤਾਰਨ ਬਾਈਪਾਸ ਹਰੀਕੇ ਤੋਂ ਹੁੰਦੀ ਹੋਈ ਵੱਖ-ਵੱਖ ਪੜਾਵਾਂ ਤੋਂ ਹੁੰਦੀ ਹੋਈ ਅੱਜ ਰਾਤ ਪਿੰਡ ਮੁੱਦਕੀ ਵਿਖੇ ਵਿਸ਼ਰਾਮ ਕਰੇਗੀ ਅਤੇ ਕੱਲ੍ਹ ਸਵੇਰੇ ਅੰਮ੍ਰਿਤ ਵੇਲੇ ਸ੍ਰੀ ਦਮਦਮਾ ਸਾਹਿਬ ਸਾਬੋ ਕਿ ਤਲਵੰਡੀ ਵਿਖੇ ਰਾਤ ਨੂੰ ਪਹੁੰਚੇਗੀ ਅਤੇ ਦਮਦਮਾ ਸਾਹਿਬ ਵਿਖੇ ਅੰਮ੍ਰਿਤ ਸੰਚਾਰ ਹੋਵੇਗਾ ਅਤੇ ਸੰਗਤਾਂ ਵਾਪਸ ਚਾਲੇ ਪਾਉਣਗੀਆਂ ! ਖਾਲਸਾ ਵਹੀਰ ਦਾ ਮੁੱਖ ਮੰਤਵ ਪੰਜਾਬ ਦੇ ਨੌਜਵਾਨਾਂ ਨੂੰ ਨਸੇ ਦੀਆਂ ਭੈੜੀਆਂ ਅਲਾਮਤਾਂ ਛੱਡ ਕਿ ਅੰਮ੍ਰਿਤ ਛਕ ਕਿ ਜੀਵਨ ਜਿਊਣ ਲਈ ਕੀਤਾ ਜਾਵੇਗਾ ਪ੍ਰੇਰਿਤ ! ਇਸ ਖਾਲਸਾ ਵਹੀਰ ਵਿੱਚ ਭਾਈ ਸਾਹਬ ਦੇ ਪਿਤਾ ਬਾਪੂ ਤਰਸੇਮ ਸਿੰਘ ,ਮਨਪ੍ਰੀਤ ਸਿੰਘ ਇਆਲੀ, ਭਾਈ ਅਮਨਦੀਪ ਸਿੰਘ ਡੱਡੂਆਣਾ, ਸਕੱਤਰ ਸਿੰਘ, ਗਿਆਨ ਸਿੰਘ, ਜਤਿੰਦਰ ਸਿੰਘ ਮਹਿਤਾ, ਜੁਗਰਾਜ ਸਿੰਘ ਉਧੋ ਨੰਗਲ, ਸਤਨਾਮ ਸਿੰਘ ਧਰਮੂ ਚੱਕ, ਗੁਰਜੰਟ ਸਿੰਘ, ਸੁਖਚੈਨ ਸਿੰਘ, ਗੁਰਮੀਤ ਸਿੰਘ, ਚਰਨ ਸਿੰਘ, ਗੁਰਪ੍ਰੀਤ ਸਿੰਘ, ਗੁਰਚੇਤਨ ਸਿੰਘ, ਅਗਿਆਪਾਲ ਸਿੰਘ, ਗੁਰਮੇਜ ਸਿੰਘ, ਪਰਗਟ ਸਿੰਘ , ਭਾਈ ਚਮਕੌਰ ਸਿੰਘ ਧੁੰਨ, ਭਾਈ ਰਜਿੰਦਰ ਸਿੰਘ ਤਲਵੰਡੀ, ਸੁੱਖਵਿੰਦਰ ਸਿੰਘ ਖ਼ਾਲਸਾ ਨਿਜ਼ਾਮਪੁਰ, ਭਾਈ ਸੁਰਿੰਦਰਪਾਲ ਸਿੰਘ ਤਾਲਬਪੁਰ, ਸਮਾਜਸੇਵੀ ਗੁਰਜੀਤ ਸਿੰਘ ਪ੍ਰਧਾਨ (ਗੱਗੂ ਤਾਜਪੁਰ), ਭਾਈ ਮਨਜਿੰਦਰ ਸਿੰਘ ਖ਼ਾਲਸਾ, ਰਣਜੀਤ ਸਿੰਘ ਰਾਣਾ ਤੇ ਭਾਈ ਦਿਲਬਾਗ ਸਿੰਘ ਬੰਡਾਲਾ ,ਭਾਈ ਸਿਮਰਨਜੀਤ ਸਿੰਘ, ਭਾਈ ਬਚਿੱਤਰ ਸਿੰਘ ਤਰਸਿੱਕਾ, ਕੰਨਵਲਪ੍ਰੀਤ ਸਿੰਘ ਰਵੀ, ਜਸਪਾਲ ਸਿੰਘ, ਗੁਰਪ੍ਰੀਤ ਸਿੰਘ ਢੱਪਈਆ, ਜਰਮਨਜੀਤ ਸਿੰਘ ਆਦਿ ਹਾਜ਼ਰ ਸਨ।

**ਪੰਜਾਬ ਦੀ ਨੌਜਵਾਨੀ ਨੂੰ ਨਸ਼ੇ ਦੀਆਂ ਭੈੜੀਆਂ ਅਲਾਮਤਾਂ ਛੱਡ ਅੰਮ੍ਰਿਤ ਛਕਣ ਲਈ ਕੀਤਾ ਜਾਵੇਗਾ ਪ੍ਰੇਰਿਤ**

# ਵੈਨਕੂਵਰ 'ਚ ਸਿੱਖ ਆਗੂ ਮੋਨਿੰਦਰ ਸਿੰਘ ਨੂੰ ਜਾਨੋਂ ਮਾਰਨ ਦੀ ਧਮਕੀ, ਪਰਿਵਾਰ ਵੀ ਨਿਸ਼ਾਨੇ 'ਤੇ

**ਵੈਨਕੂਵਰ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**- ਕੈਨੇਡਾ ਦੇ ਪ੍ਰਮੁੱਖ ਸਿੱਖ ਆਗੂ Moninder Singh ਨੂੰ ਉਸਦੀ ਅਤੇ ਉਸਦੇ ਪਰਿਵਾਰ ਦੀ ਜਾਨ ਨੂੰ "ਭਰੋਸੇਯੋਗ ਖ਼ਤਰੇ" ਬਾਰੇ ਅਧਿਕਾਰਕ ਚੇਤਾਵਨੀ ਦਿੱਤੀ ਗਈ ਹੈ। ਇਹ ਚੇਤਾਵਨੀ Vancouver Police ਵੱਲੋਂ ਇੱਕ ਮੁਖ਼ਬਰ ਤੋਂ ਮਿਲੀ ਜਾਣਕਾਰੀ ਦੇ ਆਧਾਰ 'ਤੇ ਐਤਵਾਰ ਸ਼ਾਮ ਸਿੰਘ ਤੱਕ ਪਹੁੰਚਾਈ ਗਈ।



ਇਹ ਵਿਕਾਸ ਉਸ ਵੇਲੇ ਸਾਹਮਣੇ ਆਇਆ ਹੈ ਜਦੋਂ ਕੈਨੇਡਾ ਦੇ ਪ੍ਰਧਾਨ ਮੰਤਰੀ Mark Carney ਇਸ ਹਫ਼ਤੇ ਵਪਾਰਕ ਗੱਲਬਾਤ ਲਈ India ਦੇ ਦੌਰੇ 'ਤੇ ਜਾਣ ਵਾਲੇ ਹਨ। ਇਸ ਪ੍ਰਸੰਗ ਨੇ ਕੈਨੇਡਾ-ਭਾਰਤ ਸੰਬੰਧਾਂ ਅਤੇ ਕੈਨੇਡਾ ਵਿੱਚ ਸਿੱਖ ਭਾਈਚਾਰੇ ਦੀ ਸੁਰੱਖਿਆ ਬਾਰੇ ਨਵੀਂ ਚਿੰਤਾ ਪੈਦਾ ਕਰ ਦਿੱਤੀ ਹੈ।

ਪਹਿਲਾਂ ਵੀ ਮਿਲ ਚੁੱਕੀ ਹੈ 'ਡਿਊਟੀ ਟੂ ਵਾਰਨ' ਚੇਤਾਵਨੀ

ਮੋਨਿੰਦਰ ਸਿੰਘ ਸਿੱਖ ਫੈਡਰੇਸ਼ਨ ਨਾਲ ਜੁੜੇ ਸਰਗਰਮ ਆਗੂ ਹਨ ਅਤੇ ਹਾਲ ਹੀ ਵਿੱਚ ਬਾਕੂ ਵਿੱਚ ਹੋਈ ਇਕ ਅੰਤਰਰਾਸ਼ਟਰੀ ਕਾਨਫਰੰਸ ਦੌਰਾਨ ਸਿੱਖਾਂ ਦੀ ਆਜ਼ਾਦੀ ਦਾ ਮਾਮਲਾ ਉਠਾ ਕੇ ਆਏ ਸਨ। ਉਹ ਸਰੀ ਵਿਖੇ ਗੁਰਦੁਆਰਾ ਸਾਹਿਬ ਦਸਮੇਸ਼ ਦਰਬਾਰ ਦੇ ਬੁਲਾਰੇ ਵਜੋਂ ਵੀ ਜਾਣੇ ਜਾਂਦੇ ਹਨ।

ਸਿੰਘ 2022 ਵਿੱਚ "ਡਿਊਟੀ ਟੂ ਵਾਰਨ" ਨੋਟਿਸ ਪ੍ਰਾਪਤ ਕਰਨ ਵਾਲੇ ਪਹਿਲੇ ਸਿੱਖ ਕਾਰਕੁਨਾਂ ਵਿੱਚ ਸ਼ਾਮਲ ਸਨ। ਉਸ ਵੇਲੇ ਉਨ੍ਹਾਂ ਦੇ ਕਰੀਬੀ ਸਾਥੀ Hardeep Singh Nijjar ਨੂੰ ਵੀ ਚੇਤਾਵਨੀ ਮਿਲੀ ਸੀ। ਨਿੱਝਰ ਦੀ 2023 ਵਿੱਚ ਸਰੀ ਦੇ ਗੁਰਦੁਆਰਾ ਪ੍ਰੰਗਣ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਜਿਸ ਦੇ ਪਿੱਛੇ ਭਾਰਤ ਸਰਕਾਰ ਦਾ ਹੱਥ ਹੋਣ ਦੇ ਦੋਸ਼ ਲੱਗੇ ਸਨ।

**RCMP ਪਹਿਲਾਂ ਵੀ ਜ਼ਾਹਰ ਕਰ ਚੁੱਕੀ ਹੈ ਚਿੰਤਾ**

RCMP ਪਹਿਲਾਂ ਵੀ ਕੈਨੇਡਾ ਵਿੱਚ ਸਿੱਖ ਕਾਰਕੁਨਾਂ ਵਿਰੁੱਧ ਹੋ ਰਹੇ ਖ਼ਤਰਿਆਂ ਨੂੰ ਭਾਰਤ ਸਰਕਾਰ ਨਾਲ ਜੋੜ ਚੁੱਕੀ ਹੈ। ਰਿਪੋਰਟਾਂ ਅਨੁਸਾਰ, ਕੈਨੇਡਾ ਦੀ ਰਾਸ਼ਟਰੀ ਸੁਰੱਖਿਆ ਏਜੰਸੀਆਂ ਨੇ ਵਿਦੇਸ਼ੀ ਦਖ਼ਲਅੰਦਾਜ਼ੀ, ਗਲਤ ਜਾਣਕਾਰੀ ਅਤੇ ਸਰਹੱਦ ਪਾਰ ਦਬਾਅ ਦੇ ਮਾਮਲਿਆਂ ਵਿੱਚ ਭਾਰਤ ਦੀ ਭੂਮਿਕਾ ਬਾਰੇ ਚਿੰਤਾ ਜ਼ਾਹਰ ਕੀਤੀ ਹੈ।

ਨਿੱਝਰ ਕਤਲ ਮਾਮਲੇ ਤੋਂ ਬਾਅਦ ਅਮਰੀਕਾ ਵਿੱਚ ਵੀ ਇੱਕ ਹੋਰ ਸਾਜ਼ਿਸ਼ ਬੇਨਕਾਬ ਹੋਈ, ਜਿੱਥੇ 629 ਨੇ ਨਿਊਯਾਰਕ ਵਿੱਚ ਸਿੱਖ ਕਾਰਕੁਨ ਗੁਰਪਤਵੰਤ ਸਿੰਘ ਪੰਨੂੰ ਨੂੰ ਨਿਸ਼ਾਨਾ ਬਣਾਉਣ ਦੀ ਯੋਜਨਾ ਦਾ ਖੁਲਾਸਾ ਕੀਤਾ। ਇਸ ਮਾਮਲੇ ਵਿੱਚ ਭਾਰਤੀ ਏਜੰਟ ਨਿਖਿਲ ਗੁਪਤਾ ਦਾ ਨਾਮ ਵੀ ਸਾਹਮਣੇ ਆਇਆ ਸੀ।

"ਸਿੱਖ ਭਾਈਚਾਰਾ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ"

ਮੋਨਿੰਦਰ ਸਿੰਘ ਦਾ ਕਹਿਣਾ ਹੈ ਕਿ ਇਸ ਵਾਰ ਦੀ ਚੇਤਾਵਨੀ ਵਿੱਚ ਪਹਿਲੀ ਵਾਰ ਉਸਦੇ ਪਰਿਵਾਰ ਨੂੰ ਵੀ ਸਿੱਧੇ ਤੌਰ 'ਤੇ ਸ਼ਾਮਲ ਕੀਤਾ ਗਿਆ ਹੈ, ਜੋ ਗੰਭੀਰ ਚਿੰਤਾ ਦੀ ਗੱਲ ਹੈ। ਉਨ੍ਹਾਂ ਦਾ ਦਾਵਾ ਹੈ ਕਿ ਉਹ ਕੋਈ ਵਪਾਰੀ ਨਹੀਂ ਹਨ ਅਤੇ ਨਾ ਹੀ ਅਪਰਾਧਿਕ ਗਿਰੋਹਾਂ ਨਾਲ ਸੰਬੰਧਿਤ ਹਨ, ਇਸ ਲਈ ਉਹ ਆਪਣੇ ਆਪ ਨੂੰ ਸਿੱਖ ਸਰਗਰਮੀ ਕਾਰਨ ਨਿਸ਼ਾਨਾ ਬਣਾਇਆ ਜਾ ਰਿਹਾ ਮੰਨਦੇ ਹਨ।

ਉਨ੍ਹਾਂ ਇਹ ਵੀ ਕਿਹਾ ਕਿ ਕਈ ਕੈਨੇਡੀਅਨ ਸਿੱਖ ਆਪਣੇ ਆਪ ਨੂੰ ਧੋਖੇ ਵਿੱਚ ਮਹਿਸੂਸ ਕਰ ਰਹੇ ਹਨ ਜਦੋਂ ਉਹ ਕੈਨੇਡਾ ਸਰਕਾਰ ਨੂੰ ਭਾਰਤ ਨਾਲ ਸੰਬੰਧ ਸੁਧਾਰਦੇ ਵੇਖਦੇ ਹਨ, ਜਦਕਿ ਸਿੱਖ ਆਗੂਆਂ ਵਿਰੁੱਧ ਖ਼ਤਰੇ ਜਾਰੀ ਹਨ।

ਇਸ ਮਾਮਲੇ ਨੇ ਇੱਕ ਵਾਰ ਫਿਰ ਕੈਨੇਡਾ ਵਿੱਚ ਸਿੱਖ ਭਾਈਚਾਰੇ ਦੀ ਸੁਰੱਖਿਆ, ਵਿਦੇਸ਼ੀ ਦਖ਼ਲਅੰਦਾਜ਼ੀ ਅਤੇ ਦੋਵੇਂ ਦੇਸ਼ਾਂ ਦੇ ਰਾਜਨੀਤਿਕ ਰਿਸ਼ਤਿਆਂ ਬਾਰੇ ਗੰਭੀਰ ਸਵਾਲ ਖੜੇ ਕਰ ਦਿੱਤੇ ਹਨ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਰੰਘਰੇਟਾ ਸਮੁਦਾਇ ਨੇ ਸਿਆਸੀ ਤੇ ਧਾਰਮਿਕ 'ਸੇਧ' ਲਈ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨੂੰ ਐਲਾਨਿਆ ਸ੍ਰਪਰਸਤ

# ਹੈਡਕੁਆਰਟਰ ਨਿਸ਼ਾਨੇ ਖਾਲਸਾ ਚਾਟੀਵਿੰਡ ਲੇਹਲ ਨੂੰ ਐਲਾਨਿਆ ਰੰਘਰੇਟਾ ਭਾਈਚਾਰੇ ਦੇ ਦਲਾਂ ਦੀ ਰਾਜਧਾਨੀ

ਚੌਂਕ ਮਹਿਤਾ,,25,ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ) ਰੰਘਰੇਟਾ ਸਮੁਦਾਇ ਦੇ ਵੱਖ ਵੱਖ ਜਥੇਬੰਦੀਆਂ ਦੀ ਪ੍ਰਤੀਨਿਧਤਾ ਕਰਦੇ ਆ ਰਹੇ ਲੀਡਰਾਂ ਦੀ ਸਾਂਝੀ ਇਕੱਤਰਤਾ ਦਸ਼ਮੇਸ਼ ਨਗਰ ਵਿਖੇ ਸਥਿਤ ਹੈਡਕੁਆਰਟਰ ਨਿਸ਼ਾਨੇ ਖਾਲਸਾ ਚਾਟੀਵਿੰਡ ਲੇਹਲ ਦਸ਼ਮੇਸ਼ ਤਰਨਾ ਦਲ ਦੇ ਮੁੱਖੀ ਮਹਾਕਾਲ ਸੰਤ ਬਾਬਾ ਮੇਜਰ ਸਿੰਘ ਸੋਢੀ ਦੇ ਪੜਾਅ ਦੇ ਤੇ ਹੋਈ। ਸਵੇਰੇ 10 ਵਜੇ ਸ਼ੁਰੂ ਹੋਈ ਮੀਟਿੰਗ ਦੀ ਪ੍ਰਧਾਨਗੀ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨੇ ਕੀਤੀ। ਮੀਟਿੰਗ 'ਚ ਅਨੁਸੂਚਿਤ ਜਾਤੀ ਹਲਕਿਆਂ 'ਚ ਵਿਚਰਨ ਵਾਲੀਆਂ ਸਮਾਜ ਸੈਵੀ ਜਥੇਬੰਦੀਆਂ ਅਤੇ ਕੁਝ ਸਿਆਸੀ ਗੁੱਟਾਂ ਦੇ ਆਗੂਆਂ ਨੇ ਸ਼ਿਰਕਤ ਕੀਤੀ। ਮੀਟਿੰਗ 'ਚ ਹਾਜਰ ਜਥੇਦਾਰ ਜੋਗਾ ਸਿੰਘ ਵਡਾਲਾ ਨੇ ਮੀਟਿੰਗ 'ਚ ਇੱਕ ਪ੍ਰਸਤਾਵ ਪਾਸ ਕਰਨ ਦੀ ਪੇਸ਼ਕਸ ਕੀਤੀ ਜਿਸ 'ਚ ਇਹ ਅਹਿਦ ਲਿਆ ਗਿਆ ਕਿ ਸਮਾਜ ਦੇ ਵੱਖ ਵੱਖ ਜਾਤਾਂ ਅਧਾਰਿਤ ਸ਼੍ਰੇਣੀਆਂ ਨੂੰ ਯੋਗ ਅਗਵਾਈ ਦੇਣ ਅਤੇ ਸਹੀ ਦਿਸ਼ਾ ਨਿਰਦੇਸ਼ ਦੇਣ ਲਈ ਪੜਾਅ ਦਸਮੇਸ਼ ਤਰਨਾ ਦਲ ਡੱਡੂਆਣਾ ਨੂੰ ਸਮੂਹ ਜਥੇਬੰਦੀਆਂ ਦਾ ਕੇਂਦਰਬਿੰਦੂ ਐਲਾਨਣ ਦੀ ਸਹਿਮਤੀ ਮੰਗੀ। ਹੈਡਕੁਆਰਟਰ ਨਿਸ਼ਾਨੇ ਖਾਲਸਾ ਚਾਟੀਵਿੰਡ ਲੇਹਲ ਨੂੰ ਰੰਘਰੇਟਾ ਸਮਾਜ ਦੇ ਸਮੂਹ ਲੀਡਰਾਂ ਅਤੇ ਸਮਾਜ ਸੈਵੀ ਜਥੇਬੰਦੀਆਂ ਲਈ ਰਾਹ ਦਸੇਰਾ ਤਸਲੀਮ ਕਰਨ ਲਈ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨੂੰ ਅਪੀਲ ਕੀਤੀ। ਮੀਟਿੰਗ 'ਚ ਹਾਜਰ ਸਤਨਾਮ ਸਿੰਘ ਗਿੱਲ, ਸ ਮਹਿੰਦਰ ਸਿੰਘ ਹਮੀਰਾ ,ਸੂਬੇਦਾਰ ਹਰਜੀਤ ਸਿੰਘ ਬਾਬਾ ਬਕਾਲਾ ਸਾਹਿਬ,ਬਾਬਾ ਮੰਗਲ ਸਿੰਘ ਸ਼ੇਰਗਿੱਲ,ਬਲਜੀਤ ਸਿੰਘ ਝਬਾਲ,ਪ੍ਰਗਟ ਸਿੰਘ ਰਾਜੇਆਣਾ,ਸਤਨਾਮ ਸਿੰਘ ਅੰਮ੍ਰਿਤਸਰ,ਜਰਨੈਲ ਸਿੰਘ ਕੋਟ ਮਹਿਤਾਬ,ਨਿਹੰਗ ਸਿੰਘ ਜਥੇਬੰਦੀਆਂ ਦੇ ਚੇਅਰਮੈਨ ਬਲਬੀਰ ਸਿੰਘ ਚੀਮਾ,

**☛ ਰਾਜਨੀਤਕ ਅਤੇ ਧਾਰਮਿਕ ਦਿਸ਼ਾ ਨਿਰਦੇਸ਼ ਲਈ ਬਾਬਾ ਸੋਢੀ ਤੇ ਰੱਖੀ ਟੇਕ ☛ ਕਈ ਪ੍ਰਸਤਾਵ ਕੀਤੇ ਪਾਸ, ਸਮਾਜ ਹੋਇਆ ਇੱਕ ਮੰਚ ਤੇ ਸੰਗਠਿਤ**



ਮਹਿੰਦਰ ਸਿੰਘ ਹਮੀਰਾ, ਸੂਬੇਦਾਰ ਹਰਜੀਤ ਸਿੰਘ ਬਾਬਾ ਬਕਾਲਾ, ਸਾਜਨ ਕੋਟ ਖਾਲਸਾ, ਸਤਨਾਮ ਸਿੰਘ ਅੰਮ੍ਰਿਤਸਰ, ਪਰਗਟ ਸਿੰਘ ਰਾਜੇਆਣਾ, ਸਰਦਾਰ ਕਸ਼ਮੀਰ ਸਿੰਘ ਭਲੱਥ, ਜਗਜੀਤ ਸਿੰਘ ਬਰਸਾਲਾ, ਸਰਦਾਰ ਦਰਬਾਰਾ ਸਿੰਘ ਬਟਾਲਾ, ਬਲਜੀਤ ਸਿੰਘ ਮਜ਼ਦੂਰ ਝਬਾਲ, ਬਾਬਾ ਮੰਗਲ ਸਿੰਘ ਸ਼ੇਰ ਗਿੱਲ, ਭਾਈ ਜਰਨੈਲ ਸਿੰਘ ਕੋਟ ਮਹਿਤਾਬ, ਸੋਨੂ ਸਰਪੰਚ ਸਾਵਣ ਸਿੰਘ ਨਗਰ, ਜਸਬੀਰ ਸਿੰਘ ਬੁੱਢਾ ਥੇਹ, ਡਾਕਟਰ ਰੋਮੀ ਕਪੂਰਥਲਾ, ਡਾਕਟਰ ਰਣਜੀਤ ਸਿੰਘ ਕੋਟਕਪੂਰਾ, ਸਤਨਾਮ ਸਿੰਘ (ਜੋਧਾ) ਗਿੱਲ,ਡਾਕਟਰ ਰਾਜੇਸ਼ਵਰ ਸਿੰਘ, ਵਾਲਮੀਕੀ ਪ੍ਰਦੀਪ ਸਿੰਘ ਗੱਬਰ ਅੰਮ੍ਰਿਤਸਰ, ਜਥੇਦਾਰ ਜੋਗਾ ਸਿੰਘ ਵਡਾਲਾ ਆਦਿ ਨੇ ਪੇਸ਼ ਕੀਤੇ ਪ੍ਰਸਤਾਵ ਦੀ ਹਮਾਇਤ ਕੀਤੀ। ਵੱਖ ਵੱਖ ਬੁਲਾਰਿਆ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਦਸਮੇਸ਼ ਤਰਨਾ ਦਲ ਦੇ ਹੈਡਕੁਆਰਟਰ ਨਿਸ਼ਾਨੇ ਖਾਲਸਾ ਚਾਟੀਵਿੰਡ ਲੇਹਲ ਨੂੰ ਰੰਗਰੇਟਾ ਸਮੁਦਾਇ ਦੇ ਲੀਡਰਾਂ ਦੀ ਸਿਆਸੀ ਰਾਜਧਾਨੀ ਧਾਰਮਿਕ ਜਥੇਬੰਦੀਆਂ ਕੇਂਦਰਬਿੰਦੂ ਸਥਾਪਿਤ ਕਰਨ ਦੀ ਸਿਫਾਰਸ਼ ਕੀਤੀ। ਇਸ ਮੌਕੇ ਇਹ ਵੀ ਫੈਂਸਲਾ ਕੀਤਾ ਗਿਆ ਕਿ ਪੰਜਾਬ ਦੇ ਰਾਜਨੀਤਕ ਹਲਕਿਆਂ 'ਚ ਸਰਗਰਮ ਸਮੂਹ ਰਾਜਨੀਤਕ ਪਾਰਟੀਆਂ ਤੋਂ ਐਸਸੀ ਲੀਡਰਾਂ ਨੂੰ ਰੁਤਬੇ ਅਤੇ ਟਿੱਕਟਾਂ ਦਸਮੇਸ਼ ਤਰਨਾ ਦਲ ਦੇ ਕੋਟੇ ਚੋਂ ਹੀ ਲੈਣ ਲਈ ਵਸੀਲੇ ਹੋਣੇ ਚਾਹੀਦੇ ਹਨ। ਬੁਲਾਰਿਆਂ ਨੇ ਇਹ ਵੀ ਸਹਿਮਤੀ ਕਿ ਕੌਮੀਂ ਅਤੇ ਖੇਤਰੀ ਰਾਜਨੀਤਕ ਦਲਾਂ ਨੂੰ ਪ੍ਰੇਰਿਤ ਕੀਤਾ ਜਾਵੇ ਕਿ ਉਹ 117 ਵਿਧਾਨ ਸਭਾ ਹਲਕਿਆਂ ਚੋਂ ਅਤੇ 13 ਲੋਕ ਸਭਾ ਹਲਕਿਆਂ ਅਤੇ 7 ਰਾਜ ਸਭਾ ਸੀਟਾਂ ਲਈ ਲੀਡਰਾਂ ਦੀ ਸੂਚੀ ਦਸਮੇਸ਼ ਤਰਨਾ ਦਲ ਦੇ ਹੈਡਕੁਆਰਟਰ ਨਿਸ਼ਾਨੇ ਖਾਲਸਾ ਚਾਟੀਵਿੰਡ ਲੇਹਲ ਤੋਂ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਦੁਆਰਾ ਹੀ ਜਨਤਕ ਕੀਤੇ ਜਾਣ ਦੀ ਕਵਾਇਦ ਨੂੰ ਪੱਕਿਆ ਕੀਤਾ ਜਾਵੇ। ਭਾਸ਼ਣ 'ਚ ਬੁਲਾਰਿਆ ਨੇ ਕਿਹਾ ਕਿ ਸਾਨੂੰ ਸਮਾਜ ਨੂੰ ਲਾਮਬੰਦ ਕਰਕੇ ਬੂਥ ਪੱਧਰ ਤੇ ਵੋਟਰਾਂ ਨੂੰ ਕੇਡਰ ਦੇਣ ਦੀ ਖਾਸ਼ ਜਰੂਰਤ ਹੈ।ਇਸ ਲਈ ਰਾਜਨੀਤਕ ਖੇਤਰ 'ਚ ਉਤਾਰੇ ਜਾਣ ਵਾਲੇ ਹਰ ਵਲੰਟੀਆਰਜ਼ ਨੂੰ ਕੋਚਿੰਗ ਕਲਾਸ ਦਿੱਤੀ ਜਾਵੇ। ਮੀਟਿੰਗ 'ਚ ਚਿੰਤਕਾਂ ਨੇ ਸੋਸ਼ਲ ਮੀਡੀਆ ਹੱਬ ਨੂੰ ਸਮੇਂ ਦੇ ਹਾਣ ਦਾ ਬਣਾਉਂਣ ਅਤੇ ਸੋਸ਼ਲ ਮੀਡੀਆ ਨੂੰ ਚਲਾਉਂਣ ਵਾਲੀਆਂ ਟੀਮਾਂ ਦੀਆਂ ਨਿਯੁਕਤੀਆਂ ਕਰਨ ਦੇ ਫੈਂਸਲੇ ਨੂੰ ਮਨਜੂਰੀ ਦਿੱਤੀ। ਮੀਟਿੰਗ 'ਚ ਸਮਾਜ ਸੈਵੀ ਆਗੂਆਂ ਨੇ ਫੈਂਸਲਾ ਕੀਤਾ ਕਿ ਸਮਾਜਿਕ ,ਰਾਜਨੀਤਕ ਅਤੇ ਧਾਰਮਿਕਮ ਮਾਮਲਿਆਂ ਤੋਂ ਇਲਾਵਾ ਪ੍ਰੀਵਾਰਕ ਮੁੱਦਿਆਂ ਨੂੰ ਸੁਲਝਾਉਂਣ ਲਈ ਦਸਮੇਸ਼ ਤਰਨਾ ਦਲ ਦੇ ਮੁੱਖੀ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਦੇ ਦਖਲ਼ ਦੀ ਸੰਭਾਵਨਾ ਪੈਦਾ ਕੀਤੀ ਜਾਵੇ। ਬੁਲਾਰਿਆਂ ਨੇ ਇਸ ਗੱਲ ਤੇ ਸਹਿਮਤੀ ਦਿੱਤੀ ਕਿ ਸਾਨੂੰ ਸਮਾਜ 'ਚ ਜਾਤੀ ਭਿੰਨ ਭੇਦ ਅਤੇ ਨਸਲੀ ਵਿਚਾਰਧਾਰਾਂ ਨੂੰ ਖਤਮ ਕਰਕੇ ਆਪਸੀ ਭਾਈਚਾਰਕ ਸਾਂਝ ਵੱਲ ਹੱਥ ਵਧਾਉਂਣਾ ਚਾਹੀਦਾ ਹੈ।ਸੋਸ਼ਲ ਮੀਡੀਆ ਤੇ ਨਿੱਜੀ ਹਮਲੇ ਕਰਨ ਤੋਂ ਸਮੂਹ ਧਿਰਾਂ ਨੂੰ ਗੁਰੇਜ਼ ਕਰਨ ਦਾ ਜਨਤਕ ਤੌਰ 'ਤੇ ਹੋਕਾ ਵੀ ਦਿੱਤਾ ਗਿਆ ਹੈ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਜਥੇਬੰਦੀ ਦੇ ਪ੍ਰਚਾਰ ਪ੍ਰਸਾਰ ਅਤੇ ਹਰ ਪਹਿਲੂ ਤੋਂ ਸਮਾਜ ਨੂੰ ਖੁਸ਼ਹਾਲ ਬਣਾਉਂਣ ਤੋਂ ਇਲਾਵਾ ਸਿਆਸੀ ਸੇਧ ਨੂੰ ਧਿਆਨ 'ਚ ਰੱਖਦਿਆਂ ਬੁੱਧੀਜੀਵੀਆਂ, ਪ੍ਰਸ਼ਾਸ਼ਿਨਕ ਅਧਿਕਾਰੀਆਂ,ਧਾਰਮਿਕ ਪ੍ਰਵਿਰਤੀ ਵਾਲਿਆਂ ਚਿੰਤਕਾਂ ਅਧਾਰਿਤ ਨੀਤੀ ਘਾੜਾ ਕਮੇਟੀ ਦੀ ਸਥਾਪਨਾ ਜਲਦੀ ਤੋ ਜਲਦੀ ਕਰ ਦੇਣੀ ਚਾਹੀਦੀ ਹੈ।

52.6 ਲੱਖ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਸਮੂਹਿਕ ਤੌਰ ’ਤੇ

# ‘ਹਿੰਦ ਦੀ ਚਾਦਰ’ ਗਾ ਕੇ ਬਣਾਇਆ ਵਿਸ਼ਵ ਰਿਕਾਰਡ



















**ਚੌਕ ਮਹਿਤਾ, 25ਫਰਵਰੀ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਦੇ ਵਿਸ਼ੇਸ਼ ਸਹਿਯੋਗ ਤੇ ਦਮਦਮੀ ਟਕਸਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਸਰਪ੍ਰਸਤੀ ‘ਚ ਮਹਾਰਾਸ਼ਟਰ ਵਿਖੇ 28 ਫਰਵਰੀ ਤੇ 1 ਮਾਰਚ ਨੂੰ ਖਾਰਘਰ (ਨਵੀਂ ਮੁੰਬਈ) ਦੇ ਉਵੇ ਮੈਦਾਨ ‘ਚ ਜੋ ਸ਼ਹੀਦੀ ਸ਼ਤਾਬਦੀ ਸਮਾਗਮ ਮਨਾਏ ਜਾ ਰਹੇ ਹਨ,ਉਸ ਤੋਂ ਪਹਿਲਾਂ ਮਹਾਰਾਸ਼ਟਰ ਸਰਕਾਰ ਦੇ ਵਿਸ਼ੇਸ਼ ਉਪਰਾਲੇ ਸਦਕਾ ਬੀਤੀ 23 ਫਰਵਰੀ ਨੂੰ ਠੀਕ ਸਵੇਰੇ 9 ਵਜੇ ਕੋਂਕਣ ਖੇਤਰ ਦੀਆਂ ਕੁਲ 20,239 ਸੰਸਥਾਵਾਂ ਤੋਂ 51,13,208 ਵਿਦਿਆਰਥੀਆਂ ਤੇ 1,50,104 ਅਧਿਆਪਕਾਂ ਵੱਲੋਂ ਹਿੰਦ-ਦੀ-ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਨਮਨ ਹੁੰਦੇ ਹੋਏ ਸਮੂਹਿਕ ਤੌਰ ‘ਤੇ ਇੱਕ ਹੀ ਸਮੇਂ ‘ਹਿੰਦ-ਦੀ-ਚਾਦਰ’ਸ਼ਰਧਾਂਜ਼ਲੀ ਗੀਤ ਦੀ ਪੇਸ਼ਕਾਰੀ ਕੀਤੀ ਗਈ,ਜਿਸ ਤੋਂ ਬਾਅਦ ਦਿੱਲੀ ਸਥਿਤ ਰਿਕਾਰਡ ਰਜਿਸਟਰੀ ‘ਬੈਸਟ ਆਫ਼ ਇੰਡੀਆ ਰਿਕਾਰਡਸ’ ਨੇ 4.45 ਮਿੰਟ ਦੀ ਇਸ ਗੀਤ ਨੂੰ ਦੁਨੀਆ ਦੇ ਸਭ ਤੋਂ ਵੱਡੇ ਇੱਕੋ ਸਮੇਂ ਗਾਏ ਗਏ ਸ਼ਰਧਾਂਜਲੀ ਗੀਤ ਵਜੋਂ ਪ੍ਰਮਾਣਿਤ ਕੀਤਾ ਹੈ।

## ‘ਬੈਸਟ ਆਫ਼ ਇੰਡੀਆ ਰਿਕਾਰਡਸ’ ਨੇ ਇਸ ਗੀਤ ਨੂੰ ਦੁਨੀਆ ਦੇ ਸਭ ਤੋਂ ਵੱਡੇ ਤੇ ਇੱਕੋ ਸਮੇਂ ਗਾਏ ਗਏ ਸ਼ਰਧਾਂਜਲੀ ਗੀਤ ਵਜੋਂ ਕੀਤਾ ਪ੍ਰਮਾਣਿਤ

ਇਹ ਧਾਰਮਿਕ ਗੀਤ ਗੁਰੂ ਸਾਹਿਬ ਪ੍ਰਤੀ ਸ਼ਰਧਾਂ ਤੇ ਸ਼ਰਧਾਂਜਲੀ ਦਾ ਅਜਿਹਾ ਸੁਮੇਲ ਬਣਿਆ ਜੋ ਆਪਣੇ ਆਪ ‘ਚ ਇੱਕ ਵਿਸ਼ਵ ਰਿਕਾਰਡ ਬਣਾ ਗਿਆ। ‘ਹਿੰਦ ਦੀ ਚਾਦਰ’ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਤੇ ਪ੍ਰਸਿੱਧ ਗਾਇਕ, ਕਵੀ ਤੇ ਚਿੰਤਕ ਡਾ. ਸਤਿੰਦਰ ਸਰਤਾਜ ਵੱਲੋਂ ਲਿਖਿਆ ਤੇ ਗਾਇਆ ਇਹ ਗੀਤ 25 ਅਕਤੂਬਰ 2025 ਨੂੰ ਇੱਕ ਸਮਾਗਮ ਦੌਰਾਨ ਮੁੱਖ ਮੰਤਰੀ ਸ੍ਰੀ ਦੇਵੇਂਦਰ ਫੜਨਵੀਸ ਤੇ ਦਮਦਮੀ ਟਕਸਾਲ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਵੱਲੋਂ ਰਿਲੀਜ਼ ਕੀਤਾ ਗਿਆ ਸੀ,ਜਿਸਨੂੰ ਅੱਜ ਸਕੂਲਾਂ ਅੰਦਰ ਕੁੱਲ 5,231,312 ਵਿਦਿਆਰਥੀਆਂ ਤੇ ਅਧਿਆਪਕਾਂ ਵੱਲੋਂ ਸਵੇਰ ਦੀ ਪ੍ਰਾਰਥਨਾ ਦੇ ਰੂਪ ’ਚ ਗਾਇਆ ਗਿਆ।ਇਸ ਗੀਤ ਨੂੰ ਮਹਾਰਾਸ਼ਟਰ ਪੁਲਿਸ ਵਿਭਾਗ ਵਲੋਂ ਰਾਜ ਦੇ ਪੇਂਡੂ ਤੇ ਅੰਦਰੂਨੀ ਖੇਤਰਾਂ ’ਚ ਲਾਊਡਸਪੀਕਰਾਂ ਰਾਹੀਂ ਪ੍ਰਸਾਰਿਤ ਕਰਨ ਲਈ ਵੀ ਅਧਿਕਾਰਤ ਨਿਰਦੇਸ਼ ਜਾਰੀ ਕੀਤੇ ਗਏ ਸਨ ਤੇ ਨਾਲ ਹੀ ਸਿਨੇਮਾ ਹਾਲਾਂ ਅੰਦਰ ਫਿਲਮ ਸਕ੍ਰੀਨਿੰਗ ਤੋਂ ਪਹਿਲਾਂ ਇਸ ਗੀਤ ਨੂੰ ਵਜਾਇਆ ਗਿਆ।

## ਸਮਾਣਾ ਦੇ ਬਾਬਾ ਬੰਦਾ ਸਿੰਘ ਬਹਾਦਰ ਚੌਂਕ ਵਿਖੇ ਗੁਰਬਾਣੀ ਬੇਅਦਬੀ ਲਈ ਵਿਸ਼ੇਸ਼ ਕਾਨੂੰਨ ਦੀ ਮੰਗ ਲਈ ਸਰਕਾਰ ਤੇ ਦਬਾਅ ਬਣਾਉਣ ਲਈ ਪੱਕਾ ਮੋਰਚਾ ਲਾਉਣਾ ਸਮੇਂ ਦੀ ਲੋੜ ਵਾਲਾ ਸ਼ਲਾਘਾਯੋਗ ਕਦਮ : ਜਥੇ ਮੇਜ਼ਰ ਸਿੰਘ ਸੋਢੀ, ਭਾਈ ਖਾਲਸਾ



**ਜੰਡਿਆਲਾ ਗੁਰੂ, 25 ਫਰਵਰੀ ( ਕੁਲਵੰਤ ਸਿੰਘ ਵਿਰਦੀ )**-ਗੁਰਬਾਣੀ ਬੇਅਦਬੀ ਦਾ ਮਾਮਲਾ ਸਿੱਖ ਕੌਮ ਨੂੰ ਵੱਡੀ ਚੁਣੌਤੀ ਤੇ ਚਿੰਤਾ ਜਨਕ ਮੁੱਦਾ ਬਣ ਚੁੱਕਾ ਹੈ,ਸਿੱਖ ਪੰਥ ਦੀ ਸਰਕਾਰਾਂ ਤੋਂ ਮੰਗ ਰਹੀ ਕਿ ਗੁਰਬਾਣੀ ਮਾਮਲੇ ਤੇ ਵਿਸ਼ੇਸ਼ ਕਾਨੂੰਨ ਬਣਾਇਆ ਜਾਵੇ ਪਰ ਸਰਕਾਰਾਂ ਅਜਿਹਾ ਵਿਸ਼ੇਸ਼ ਕਾਨੂੰਨ ਬਣਾਉਣ ’ਚ ਬਹੁਤ ਬੁਰੀ ਤਰ੍ਹਾਂ ਅਸਫਲ ਸਿੱਧ ਹੋਈਆਂ ਅਤੇ ਇਸੇ ਕਰਕੇ ਕੌਮ ਦੇ ਜੁਝਾਰੂ ਭਾਈ ਗੁਰਜੀਤ ਸਿੰਘ ਸਾਬਕਾ ਫੌਜੀ ਨੇ ਲੰਮੇ ਸਮੇਂ ਤੋਂ ਸਮਾਣਾ ਦੇ ਟਾਵਰ ਤੇ ਆਪਣਾਂ ਰੋਸ ਪ੍ਰਦਰਸ਼ਨ ਸ਼ੁਰੂ ਕੀਤਾ ਹੋਇਆ ਹੈ ਅਤੇ ਸਾਰੀਆਂ ਸਿੱਖ ਪੰਥ ਜਥੇਬੰਦੀਆਂ ਤੇ ਕਿਸਾਨ ਜਥੇਬੰਦੀਆਂ ਇਸ ਦੇ ਸਮਰਥਨ ’ਚ ਹਨ ਅਤੇ ਬੀਤੇ ਦਿਨੀਂ ਇਥੇ ਇੱਕ ਵੱਡਾ ਇਕੱਠ ਬੁਲਾਇਆ ਗਿਆ ਸੀ ਜਿਸ ਨੂੰ ਫੇਲ੍ਹ ਕਰਨ ਲਈ ਸਰਕਾਰ ਲੱਖਾਂ ਸਿਧਾਨਾ ਵਰਗੇ ਕਈ ਸੀਨੀਅਰ ਆਗੂਆਂ ਨੂੰ ਨਜਰ ਬੰਦ ਕਰਨ ਦੇ ਨਾਲ ਲੋਕਾਂ ਦੀਆਂ ਗਿਰਫ਼ਤਾਰੀਆਂ ਵੀ ਕੀਤੀਆਂ ਗਈਆਂ ਪਰ ਸਿੱਖ ਸੰਗਤਾਂ ਆਪਣੇ ਮਿਸ਼ਨ ਵਿੱਚ ਉਦੋਂ ਸਫਲ ਹੋ ਗਈਆਂ ਜਦੋਂ ਉਨ੍ਹਾਂ ਨੇ ਸਮਾਣਾ ਦੇ ਬਾਬਾ ਬੰਦਾ ਸਿੰਘ ਚੌਂਕ ਵਿਖੇ ਪਹੁੰਚ ਕੇ ਮੋਰਚਾ ਲਾਉਣ ਦਾ ਉਦੋ ਤਕ ਐਲਾਨ ਕਰ ਦਿੱਤਾ ਜਦੋਂ ਤੱਕ ਸਰਕਾਰ ਗੁਰਬਾਣੀ ਬੇਅਦਬੀ ਸਬੰਧੀ ਵਿਸ਼ੇਸ਼ ਕਾਨੂੰਨ ਨਹੀਂ ਬਣਾ ਦਿੰਦੀ,ਮੋਰਚਾ ਲਾਉਣ ਦੀ ਸਫਲਤਾ ’ਚ ਮੋਰਚੇ ਦੇ ਆਗੂਆਂ ਤੇ ਹੋਰ ਹਜ਼ਾਰਾਂ ਜੁੜੀਆਂ ਸੰਗਤਾਂ ਜੈਕਾਰਿਆਂ ਨਾਲ ਗੂੰਜ ਪਵਾ ਦਿੱਤੀ ,ਇਸ ਸਮਾਣਾ ਮੋਰਚੇ ਦਾ ਲੋਕਾਂ ਵੱਲੋਂ ਨਿੱਘਾ ਸਵਾਗਤ ਕੀਤਾ ਜਾ ਰਿਹਾ ਹੈ ਅਤੇ ਇਸ ਨੂੰ ਸਮੇਂ ਦੀ ਲੋੜ ਵਾਲਾ ਸ਼ਲਾਘਾਯੋਗ ਕਦਮ ਦੱਸਿਆ ਜਾ ਰਿਹਾ ਹੈ, ਇਸ ਕਰਕੇ ਦਸ਼ਮੇਸ਼ ਤਰਨਾ ਦਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਨੇ ਇਸ ਮੋਰਚਾ ਦਾ ਪੂਰਾ ਸਮਰਥਨ ਕਰਦਿਆ ਇਸ ਨੂੰ ਸਮੇਂ ਦੀ ਲੋੜ ਵਾਲਾ ਸ਼ਲਾਘਾਯੋਗ ਉਪਰਾਲਾ ਦੱਸਿਆ ਅਤੇ ਸਪੱਸ਼ਟ ਕੀਤਾ ਕਿ ਸਰਕਾਰ ਤੇ ਦਬਾਅ ਬਣਾਉਣ ਲਈ ਅਜਿਹਾ ਮੋਰਚਾ ਲੱਗਣਾ ਸਮੇਂ ਦੀ ਮੁੱਖ ਮੰਗ ਹੈ ਤਾਂ ਕਿ ਸਰਕਾਰ ਤੇ ਦਬਾਅ ਬਣਾ ਕੇ ਗੁਰਬਾਣੀ ਬੇਅਦਬੀ ਸਬੰਧੀ ਵਿਸ਼ੇਸ਼ ਕਾਨੂੰਨ ਬਣਾਇਆ ਜਾ ਸਕੇ ਅਤੇ ਨਿੱਤ ਦਿਨ ਹੋਣ ਵਾਲੀਆਂ ਗੁਰਬਾਣੀ ਬੇਅਦਬੀ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗੁਰਦੁਆਰਾ ਸ਼ਹੀਦ ਬਾਬਾ ਜੀਵਨ ਸਿੰਘ ਰੇਲਵੇ ਸਟੇਸ਼ਨ ਨੇੜੇ ਜਗਰਾਓਂ ਵਿਖੇ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋਏ ਦਸਮੇਸ਼ ਤਰਨਾ ਦਲ ਦੇ ਮੁੱਖੀ ਜਥੇਦਾਰ ਬਾਬਾ ਮੇਜ਼ਰ ਸਿੰਘ ਸੋਢੀ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਸਮਾਣਾ ਦੇ ਬਾਬਾ ਬੰਦਾ ਸਿੰਘ ਬਹਾਦਰ ਚੌਂਕ ਵਿਖੇ ਗੁਰਬਾਣੀ ਬੇਅਦਬੀ ਦੇ ਵਿਸ਼ੇਸ਼ ਕਾਨੂੰਨ ਦੀ ਮੰਗ ਲਈ ਲਾਏ ਮੋਰਚੇ ਦੀ ਪੂਰਨ ਹਮਾਇਤ ਜਾਰੀ ਕਰਦਿਆਂ ਇੱਕ ਸਾਂਝੇ ਲਿਖ਼ਤੀ ਪ੍ਰੈਸ ਬਿਆਨ ਰਾਹੀਂ ਕੀਤਾ, ਇਹਨਾਂ ਪੰਥਕ ਆਗੂਆਂ ਨੇ ਸਪੱਸ਼ਟ ਕੀਤਾ ਕਿ ਸਰਕਾਰਾਂ ਗੁਰਬਾਣੀ ਬੇਅਦਬੀ ਮਾਮਲੇ ਤੇ ਰਾਜਨੀਤੀ ਖੇਡ ਰਹੀਆਂ ਹਨ,ਜਥੇ ਸੋਢੀ ਤੇ ਭਾਈ ਖਾਲਸਾ ਨੇ ਕਿਹਾ ਸਮੂਹ ਸਰਕਾਰਾਂ ਗੁਰਬਾਣੀ ਬੇਅਦਬੀ ਤੇ ਵਿਸ਼ੇਸ਼ ਕਾਨੂੰਨ ਬਣਾਉਣ ਵਿੱਚ ਅਸਫ਼ਲ ਸਿੱਧ ਹੋਈਆਂ ਅਤੇ ਆਪ ਸਰਕਾਰ ਨੇ ਵਾਅਦਾ ਕੀਤਾ ਸੀ ਕਿ ਉਹਨਾ ਦੀ ਸਰਕਾਰ ਬਣਨ ਤੇ ਗੁਰਬਾਣੀ ਬੇਅਦਬੀ ਸਬੰਧੀ ਵਿਸ਼ੇਸ਼ ਕਾਨੂੰਨ ਬਣਾਇਆਂ ਜਾਵੇਗਾ ਪਰ ਇਹ ਸਰਕਾਰ ਵੀ ਆਪਣੇ ਵਾਅਦੇ ਤੋਂ ਮੁਕਰ ਗਈ,ਇਸ ਕਰਕੇ ਸਮਾਣਾ ਵਿਖੇ ਲੰਮੇ ਸਮੇਂ ਤੋਂ ਟਾਵਰ ਤੇ ਬੈਠ ਕੇ ਰੋਸ ਪ੍ਰਦਰਸ਼ਨ ਕਰਨ ਵਾਲੇ ਭਾਈ ਗੁਰਜੀਤ ਸਿੰਘ ਸਾਬਕਾ ਫੌਜੀ ਦੇ ਸਮਰੱਥਨ ’ਚ ਸਿੱਖ ਕੌਮ ਦੀਆਂ ਸਮੁੱਚੀਆਂ ਜਥੇਬੰਦੀਆਂ ਤੇ ਕਿਸਾਨ ਜਥੇਬੰਦੀਆਂ ਵੱਲੋਂ ਸਮਾਣਾ ਦੇ ਬਾਬਾ ਬੰਦਾ ਸਿੰਘ ਬਹਾਦਰ ਚੌਂਕ ਵਿੱਚ ਮੋਰਚਾ ਲਾਉਣ ਵਾਲੇ ਫੈਸਲੇ ਨੂੰ ਸਮੇ ਅਤੇ ਲੋਕਾਂ ਦੀ ਮੰਗ ਵਾਲਾਂ ਫੈਸਲਾ ਮੰਨਦੇ ਹੋਏ ਇਸ ਦਾ ਪੂਰਾ ਸਮਰਥਨ ਕਰਦੇ ਹਾਂ, ਇਨ੍ਹਾਂ ਪੰਥਕ ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਗੁਰਬਾਣੀ ਬੇਅਦਬੀ ਘਟਨਾਵਾਂ ਤੇ ਕਾਬੂ ਪਾਉਣ ਲਈ ਵਿਸ਼ਵ ਕਾਨੂੰਨ ਬਣਾਉਣ ਦੀ ਲੋੜ ਤੇ ਜ਼ੋਰ ਦਿੱਤਾ ਜਾਵੇ, ਇਸ ਮੌਕੇ ਜਥੇਦਾਰ ਬਾਬਾ ਮੇਜ਼ਰ ਸਿੰਘ ਸੋਢੀ ਸਾਹਿਬ, ਭਾਈ ਵਿਰਸਾ ਸਿੰਘ ਖਾਲਸਾ ਪ੍ਰਧਾਨ ਏ ਆਈ ਐਸ ਐਸ ਐਫ ਖਾਲਸਾ, ਭਾਈ ਸੁਖਦੇਵ ਸਿੰਘ ਜਗਰਾਓਂ, ਭਾਈ ਇੰਦਰਜੀਤ ਸਿੰਘ ਕਾਉਂਕੇ, ਜਥੇਦਾਰ ਬਾਬਾ ਬਲਦੇਵ ਸਿੰਘ ਮੋਗਾ, ਜਥੇਦਾਰ ਸਾਹਿਬ ਸਿੰਘ ਲੁਧਿਆਣਾ, ਜਥੇਦਾਰ ਸੁਖਦੇਵ ਸਿੰਘ ਲੋਪੋਂ, ਜਥੇਦਾਰ ਗਹਿਰੀ, ਭਾਈ ਜੋਗਿੰਦਰ ਸਿੰਘ ਅਤੇ ਭਾਈ ਜਗਤਾਰ ਸਿੰਘ ਸਮੇਤ ਸੈਂਕੜੇ ਹੋਰ ਸਾਮਲ ਸਨ ।

## ਹਰਜੀਤ ਸਿੰਘ ਨੰਗਲ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ ਬਣੇ

**ਹੁਸ਼ਿਆਰਪੁਰ, 25 ਫਰਵਰੀ (ਆਵਾਜ਼ਿ ਕੌਮ ਬਿਊਰੋ)**-ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪੰਜਾਬ ਪ੍ਰਧਾਨ ਗੁਰਵਿੰਦਰ ਸਿੰਘ ਗਿੰਦਾ ਝਾਂਸ ਨੇ ਚੇਅਰਮੈਨ ਇੰਡੀਆ ਕੁਲਦੀਪ ਸਿੰਘ ਖਾਂਬਾ ਅਤੇ ਇੰਡੀਆ ਪ੍ਰਧਾਨ ਹਰਦੇਵ ਸਿੰਘ ਕੌਂਸਲ ਨਾਲ ਸਲਾਹ ਮਸ਼ਵਰਾ ਕਰਕੇ ਭਾਈ ਘਨਈਆ ਜੀ ਨਿਸ਼ਕਾਮ ਸੇਵਕ ਸਭਾ ਹਰਿਆਣਾ ਦੇ ਪ੍ਰਧਾਨ ਹਰਜੀਤ ਸਿੰਘ ਨੰਗਲ ਨੂੰ ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦਾ ਜਿਲਾ ਪ੍ਰਧਾਨ ਹੁਸ਼ਿਆਰਪੁਰ ਨਿਯੁਕਤ ਕੀਤਾ ਹੈ੍ ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਜਨਰਲ ਸਕੱਤਰ ਇੰਡੀਆ ਗੁਰਦੇਵ ਸਿੰਘ ਪਵਾਰ ਐਕਸੀਅਨ ਰਿਟਾ. ਨੇ ਦੱਸਿਆ ਕਿ ਨਵੇਂ ਨਿਯੁਕਤ ਹੋਏ ਜਿਲਾ ਪ੍ਰਧਾਨ ਹਰਜੀਤ ਸਿੰਘ ਨੰਗਲ ਅੰਮ੍ਰਿਤਧਾਰੀ ਗੁਰਸਿੱਖ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਧਾਰਮਿਕ ਅਤੇ ਸਮਾਜਿਕ ਸਰਗਰਮੀਆਂ ਨਾਲ ਉਹਨਾਂ ਨੇ ਸਮਾਜ ਵਿੱਚ ਆਪਣਾ ਵਿਲੱਖਣ ਰੁਤਬਾ ਬਣਾਇਆ ਹੋਇਆ ਹੈ। ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪ੍ਰਧਾਨ ਹਰਦੇਵ ਸਿੰਘ ਕੌਂਸਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਆਰਗਨਾਈਜੇਸ਼ਨ ਦੇ ਜਥੇਬੰਦਕ ਢਾਂਚੇ ਨੂੰ ਚੁਸਤ ਦਰੁਸਤ ਕਰਨ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਅਧੀਨ ਪੰਜਾਬ ਪ੍ਰਧਾਨ ਗੁਰਵਿੰਦਰ ਸਿੰਘ ਗਿੰਦਾ ਵੱਲੋਂ ਪੰਜਾਬ ਭਰ ਵਿੱਚ ਵੱਖ-ਵੱਖ ਜਿਲਾ ਇਕਾਈਆਂ ਦਾ ਪੁਨਰਗਠਨ ਕੀਤਾ ਜਾ ਰਿਹਾ ਹੈ ਇਸੇ ਮਿਸ਼ਨ ਅਧੀਨ ਹੀ ਹਰਜੀਤ ਸਿੰਘ ਨੰਗਲ ਦੀ ਜ਼ਿਲ੍ਹਾ ਹੁਸ਼ਿਆਰਪੁਰ ਪ੍ਰਧਾਨ ਵਜੋਂ ਨਿਯੁਕਤੀ ਕਰਦਿਆਂ ਉਨ੍ਹਾਂ ਨੂੰ ਹਾਈ ਕਮਾਨ ਦੀ ਸਲਾਹ ਨਾਲ ਜ਼ਿਲ੍ਹੇ ਦੇ ਜਥੇਬੰਦਕ ਢਾਂਚੇ ਦੇ ਤੁਰੰਤ ਗਠਨ ਦੇ ਅਧਿਕਾਰ ਦਿੱਤੇ ਗਏ ਹਨ੍ ਨਵੇਂ ਨਿਯੁਕਤ ਹੋਏ ਜਿਲਾ ਪ੍ਰਧਾਨ ਹਰਜੀਤ ਸਿੰਘ ਨੰਗਲ ਨੇ ਆਪਣੀ ਇਸ ਨਿਯੁਕਤੀ ਲਈ ਇੰਡੀਆ ਚੇਅਰਮੈਨ ਕੁਲਦੀਪ ਸਿੰਘ ਖਾਂਬਾ, ਇੰਡੀਆ ਪ੍ਰਧਾਨ ਹਰਦੇਵ ਸਿੰਘ ਕੌਂਸਲ, ਪੰਜਾਬ ਪ੍ਰਧਾਨ ਗੁਰਵਿੰਦਰ ਸਿੰਘ ਗਿੰਦਾ ਅਤੇ ਚੇਅਰਮੈਨ ਪੰਜਾਬ ਜਸਵੰਤ ਸਿੰਘ ਭੋਗਲ ਦਾ ਧੰਨਵਾਦ ਕਰਦਿਆਂ ਯਕੀਨ ਦਿਵਾਇਆ ਕਿ ਉਹ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣਗੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਇੱਕ ਵਾਰ ਫਿਰ ਚੜ੍ਹਦੀਕਲਾ

# ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਖ਼ਾਲਸਾਈ ਜਾਹੋ-ਜਲਾਲ ਨਾਲ ਖ਼ਾਲਸਾ ਵਹੀਰ ਦੀ ਹੋਈ ਆਰੰਭਤਾ

## ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ਤੇ ਚੱਲ ਕੇ ਹੀ ਪੰਜਾਬ ਦੀ ਨੌਜਵਾਨੀ ਅਤੇ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ : ਬਾਪੂ ਤਰਸੇਮ ਸਿੰਘ










**ਅੰਮ੍ਰਿਤਸਰ 25 ਫ਼ਰਵਰੀ (ਆਵਾਜ਼ਿ ਕੌਮ ਬਿਊਰੋ)**-ਅੱਜ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪੰਥ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਖ਼ਾਲਸਾਈ ਜਾਹੋ-ਜਲਾਲ ਦੇ ਨਾਲ ਖ਼ਾਲਸਾ ਵਹੀਰ ਦੀ ਆਰੰਭਤਾ ਹੋਈ। ਇਸ ਮੌਕੇ ਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਜੀ ਖ਼ਾਲਸਾ ਦੇ ਪਿਤਾ ਬਾਪੂ ਤਰਸੇਮ ਸਿੰਘ ਜੀ ਦੇ ਨਾਲ ਮੈਂਬਰ ਪਾਰਲੀਮੈਂਟ ਭਾਈ ਸਰਬਜੀਤ ਸਿੰਘ ਖ਼ਾਲਸਾ, ਮਾਤਾ ਬਲਵਿੰਦਰ ਕੌਰ, ਭਾਈ ਅਮਰਜੀਤ ਸਿੰਘ ਵੰਨਚਿੜੀ, ਭਾਈ ਹਰਭਜਨ ਸਿੰਘ ਤੁੜ, ਭਾਈ ਪਰਮਜੀਤ ਸਿੰਘ ਜੌਹਲ, ਭਾਈ ਜਸਕਰਨ ਸਿੰਘ ਕਾਹਨਸਿੰਘ ਵਾਲਾ, ਭਾਈ ਮਨਦੀਪ ਸਿੰਘ ਸਿੱਧੂ, ਬਾਬੂ ਸਿੰਘ ਬਰਾੜ, ਸ੍ਰ ਕਾਬਲ ਸਿੰਘ, ਚਾਚਾ ਪ੍ਰਗਟ ਸਿੰਘ, ਚਾਚਾ ਸੁਖਚੈਨ ਸਿੰਘ, ਸਰਬਜੀਤ ਸਿੰਘ ਸੋਹਲ, ਸਰਬਜੀਤ ਸਿੰਘ ਖ਼ਾਨਪੁਰ, ਅਜੇਪਾਲ ਸਿੰਘ ਢਿਲੋਂ, ਅਮਨਦੀਪ ਸਿੰਘ ਡੱਡੂਆਣਾਂ, ਪ੍ਰਗਟ ਸਿੰਘ ਮੀਆਂਵਿੰਡ, ਸ਼ਮਸ਼ੇਰ ਸਿੰਘ ਪੱਧਰੀ, ਜੁਗਰਾਜ ਸਿੰਘ ਲਾਲਾਨੰਗਲ, ਸ੍ਰ ਪ੍ਰਿਥੀਪਾਲ ਸਿੰਘ, ਭਾਈ ਚਮਕੌਰ ਸਿੰਘ ਧੁੰਨ, ਜਸਵਿੰਦਰ ਸਿੰਘ ਡਰੌਲੀ, ਸੁਰਿੰਦਰਪਾਲ ਸਿੰਘ ਤਾਲਿਬਪੁਰਾ, ਜਸਕਰਨ ਸਿੰਘ ਰਿਆੜ, ਚਰਨਜੀਤ ਸਿੰਘ ਗਾਲਿਬ, ਪਲਵਿੰਦਰ ਸਿੰਘ ਜੱਲੂਪੁਰ, ਬਲਦੇਵ ਸਿੰਘ ਜੱਲੂਪੁਰ, ਪਵਿੱਤਰ ਸਿੰਘ, ਸਵਰਨ ਸਿੰਘ ਗੋਲਡਨ, ਬਲਜੀਤ ਸਿੰਘ ਚਾਟੀਵਿੰਡ, ਨਿਰਵੈਰ ਸਿੰਘ ਮੋਗਾ, ਸਰਪੰਚ ਹਰਜਿੰਦਰ ਸਿੰਘ, ਦਲਜੀਤ ਸਿੰਘ ਮਿਆਦੀਆਂ, ਪ੍ਰਕਾਸ਼ ਸਿੰਘ ਬਾਦਲ, ਜੁਗਰਾਜ ਸਿੰਘ ਭੰਗਵਾਂ, ਕਰਨਵੀਰ ਸਿੰਘ, ਨਾਥਵਿੰਦਰ ਸਿੰਘ, ਸਤਨਾਮ ਸਿੰਘ, ਜਗਰੂਪ ਸਿੰਘ, ਮਨਰੂਪ ਸਿੰਘ, ਸੰਦੀਪ ਸਿੰਘ ਰੁਪਾਲੋਂ, ਸੁਖਬੀਰ ਸਿੰਘ ਵਲਟੋਹਾ, ਦਲਜੀਤ ਸਿੰਘ ਜਵੰਦਾ, ਗੁਰਮਿੰਦਰ ਸਿੰਘ ਚਾਵਲਾ, ਮਨਜਿੰਦਰ ਸਿੰਘ ਕਲੇਰ, ਗੁਰਲਾਲ ਸਿੰਘ ਸਖੀਰਾ, ਚਾਚਾ ਕੁਲਵੰਤ ਸਿੰਘ, ਸੁਖਬੀਰ ਸਿੰਘ ਚੀਮਾ, ਕੁਲਵਿੰਦਰ ਸਿੰਘ ਵਡਾਲੀ, ਮਹਿੰਦਰਪਾਲ ਸਿੰਘ ਤੁੰਗ ਤੋਂ ਇਲਾਵਾ ਅਕਾਲੀ ਦਲ ਪੁਨਰਸੁਰਜੀਤ ਤੋਂ ਮਨਪ੍ਰੀਤ ਸਿੰਘ ਇਆਲੀ ਤੇ ਹੋਰ ਵੱਖ-ਵੱਖ ਸਿਆਸੀ ਤੇ ਧਾਰਮਿਕ ਜਥੇਬੰਦੀਆ ਦੇ ਆਗੂ ਵੱਡੀ ਗਿਣਤੀ ਵਿੱਚ ਮੌਜੂਦ ਸਨ। ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਸ਼ੁਰੂ ਕੀਤੀ ਖ਼ਾਲਸਾ ਵਹੀਰ ਪੂਰਨ ਧਾਰਮਿਕ ਸੀ ਜਿਸ ਵਿੱਚ ਸਭ ਅੱਗੇ ਨਗਾਰਾ, ਉਸਤੋਂ ਮਗਰ ਪੰਜ ਪਿਆਰੇ ਸਾਹਿਬਾਨ, ਉਸਤੋਂ ਮਗਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਅਤੇ ਮਗਰ ਸੈਕੜਿਆਂ ਗਿਣਤੀ ਵਿੱਚ ਲੰਮਾਂ ਕਾਰਾਂ ਦਾ ਕਾਫ਼ਲਾ ਮੌਜੂਦ ਸੀ ।ਸ੍ਰੀ ਦਰਬਾਰ ਸਾਹਿਬ ਤੋਂ ਲੈਕੇ ਅੰਮ੍ਰਿਤਸਰ ਗੋਲਡਨ ਗੇਟ ਤੱਕ ਸਾਰਾ ਰਸਤਾ "ਬੋਲੇ ਸੋ ਨਿਹਾਲ" ਤੇ "ਰਾਜ ਕਰੇਗਾ ਖ਼ਾਲਸਾ" ਦੇ ਜੈਕਾਰਿਆਂ ਨਾਲ ਮਾਹੌਲ ਗੂੰਜ ਉਠਿਆ ਅਤੇ ਖ਼ਾਲਸਾਈ ਰੰਗ ਵਿੱਚ ਰੰਗਿਆ ਗਿਆ। ਇਸ ਮੌਕੇ ਤੇ ਬਾਪੂ ਤਰਸੇਮ ਸਿੰਘ ਜੀ ਨੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ ਤੇ ਚੱਲ ਕੇ ਹੀ ਪੰਜਾਬ ਦੀ ਨੌਜਵਾਨੀ ਅਤੇ ਪੰਜਾਬ ਨੂੰ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੀ ਨੌਜਵਾਨੀ ਨਸ਼ਿਆਂ, ਬੇਰੁਜ਼ਗਾਰੀ ਅਤੇ ਪਰਵਾਸ ਦੇ ਹਮਲਿਆਂ ਦਾ ਸ਼ਿਕਾਰ ਬਣ ਰਹੀ ਹੈ। ਇਸ ਹਾਲਾਤ ਵਿੱਚ ਖ਼ਾਲਸਾ ਵਹੀਰ ਦਾ ਮਕਸਦ ਨੌਜਵਾਨਾਂ ਨੂੰ ਗੁਰਬਾਣੀ, ਗੁਰਮਤਿ ਅਤੇ ਖ਼ਾਲਸਾਈ ਜੀਵਨ ਸ਼ੈਲੀ ਨਾਲ ਜੋੜਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਸਾਨੂੰ ਰਾਜਨੀਤਿਕ ਚਾਲਾਂ ਜਾਂ ਖਾਲੀ ਵਾਅਦਿਆਂ ਦੀ ਨਹੀਂ, ਸਗੋਂ ਗੁਰੂ ਦੀ ਰਹਿਣੀ-ਬਹਿਣੀ ਅਤੇ ਅਮਲ ਦੀ ਲੋੜ ਹੈ। ਜੇਕਰ ਨੌਜਵਾਨ ਗੁਰੂ ਦੇ ਸਿਧਾਂਤਾਂ ਨੂੰ ਅਪਨਾਉਣਗੇ ਤਾਂ ਨਸ਼ਿਆਂ ਅਤੇ ਸਮਾਜਿਕ ਬੁਰਾਈਆਂ ਦਾ ਖ਼ਾਤਮਾ ਆਪਣੇ ਆਪ ਹੋ ਜਾਵੇਗਾ। ਖ਼ਾਲਸਾ ਵਹੀਰ ਦੌਰਾਨ ਪੰਜਾਬ ਦੇ ਪਾਣੀਆਂ ਦੀ ਲੁੱਟ, ਧਾਰਮਿਕ ਅਸਥਾਨਾਂ ਦੀ ਅਜ਼ਾਦੀ, ਕਿਸਾਨੀ ਸੰਕਟ ਅਤੇ ਨੌਜਵਾਨੀ ਦੇ ਭਵਿੱਖ ਵਰਗੇ ਮੁੱਦਿਆਂ ਤੇ ਵੱਡੇ ਟਰਾਲੇ ਅਤੇ ਟਰਾਲੀਆਂ ਤੇ ਹੋਲਿਡਿੰਗਾਂ ਲਗਾ ਕੇ ਪ੍ਰਦਰਸ਼ਨੀ ਕੀਤੀ ਗਈ। ਪਾਰਟੀ ਆਗੂਆਂ ਨੇ ਕਿਹਾ ਕਿ ਇਹ ਵਹੀਰ ਕੇਵਲ ਇਕ ਪ੍ਰੋਗਰਾਮ ਨਹੀਂ, ਸਗੋਂ ਪੰਜਾਬ ਦੀ ਆਤਮਕ ਅਤੇ ਸਮਾਜਿਕ ਪੁਨਰਜਾਗਰਤੀ ਦੀ ਸ਼ੁਰੂਆਤ ਹੈ। ਅਖੀਰ ਵਿੱਚ ਅਕਾਲੀ ਦਲ ਵਾਰਿਸ ਪੰਜਾਬ ਦੇ ਨੇ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਇਸ ਖ਼ਾਲਸਾ ਵਹੀਰ ਨਾਲ ਜੁੜ ਕੇ ਪੰਜਾਬ ਦੀ ਚੜ੍ਹਦੀ ਕਲਾ ਅਤੇ ਨੌਜਵਾਨੀ ਦੇ ਭਵਿੱਖ ਲਈ ਆਪਣਾ ਯੋਗਦਾਨ ਪਾਉਣ।

ਆਵਾਜ਼ਿ ਕੌਮ
AWAZE QAUM
International Newspaper & WEB TV

ਕਾਰ ਸੇਵਾ ਸੰਪਰਦਾਇ ਸਰਹਾਲੀ ਸਾਹਿਬ ਦੇ ਮਹਾਂਪੁਰਸ਼ ਬਾਬਾ ਹਾਕਮ ਸਿੰਘ ਸੱਜੀ ਦੇ ਸਪੁੱਤਰ ਭਾਈ ਰਣਜੀਤ ਸਿੰਘ ਦੇ ਸ਼ੁਭ ਵਿਆਹ ਤੇ

# ਸਭਾਗੀ ਜੋੜੀ ਨੂੰ ਅਸ਼ੀਰਵਾਦ ਦੇਣ ਪੁੱਜੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ














ਕਾਰ ਸੇਵਾ ਸੰਪਰਦਾਇ ਸਰਹਾਲੀ ਸਾਹਿਬ ਦੇ ਮਹਾਂਪੁਰਸ਼ ਬਾਬਾ ਹਾਕਮ ਸਿੰਘ ਸੱਜੀ ਦੇ ਸਪੁੱਤਰ ਭਾਈ ਰਣਜੀਤ ਸਿੰਘ ਦੇ ਸ਼ੁਭ ਵਿਵਾਹ ਤੇ ਅੱਜ ਸਭਾਗੀ ਜੋੜੀ ਨੂੰ ਅਸ਼ੀਰਵਾਦ ਦੇਣ ਮੈਲਬ੍ਰੂ ਗਾਰਡਨ ਸ੍ਰੀ ਅੰਮ੍ਰਿਤਸਰ ਸਾਹਿਬ ਪੁੱਜੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਗੁਰੂ ਰਾਮਦਾਸ ਮਹਾਰਾਜ ਸੋਢੀ ਸੁਲਤਾਨ ਦੀ ਮਹਾਨ ਬਖਸ਼ਿਸ਼ ਸਦਕਾ

# ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਥੀਆਂ ਸਮੇਤ ਦਰਸ਼ਨ ਦੀਦਾਰ ਕੀਤੇ








ਆਵਾਜ਼ਿ ਕੌਮ
AWAZE QAUM
International Newspaper & WEB TV




ਸਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ ਗੁਰੂ ਰਾਮਦਾਸ ਮਹਾਰਾਜ ਸੋਢੀ ਸੁਲਤਾਨ ਦੀ ਮਹਾਨ ਬਖਸ਼ਿਸ਼ ਸਦਕਾ ਅੱਜ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਥੀਆਂ ਸਮੇਤ ਦਰਸ਼ਨ ਦੀਦਾਰ ਕੀਤੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਨਮੁੱਖ ਬੈਠ ਕੇ ਢਾਡੀ ਜਥੇ ਤੋਂ ਗੁਰ ਇਤਿਹਾਸ ਸਰਵਣ ਕੀਤਾ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




★ ਜਾਰੀ ਕਰਤਾ ★

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

+447458381111 +447976210161 +919729091243